Samaj Weekly
ਸਮਾਜ ਵੀਕਲੀ
Punjabi, Hindi & English Newspaper - UK & EU Edition
Vol : 4 : # ਅੰਕ 332 | 27/05/2026 | www.samajweekly.com | samajweekly | @samajweekly | samajweekly

# ਸੀਜ਼ਫਾਇਰ ਦੇ ਚਲਦਿਆਂ ਅਮਰੀਕਾ ਦਾ ਇਰਾਨ 'ਤੇ ਹਮਲਾ

## ਹੋਰਮੁਜ਼ ਨੇੜੇ ਮਿਜ਼ਾਈਲ ਸਾਈਟ ਅਤੇ ਬਾਰੂਦੀ ਸੁਰੰਗਾਂ ਵਿਛਾ ਰਹੀਆਂ ਕਿਸ਼ਤੀਆਂ ਨੂੰ ਬਣਾਇਆ ਨਿਸ਼ਾਨਾ

**ਤੇਲ ਅਵੀਵ :** ਅਮਰੀਕਾ ਅਤੇ ਇਰਾਨ ਵਿਚਾਲੇ ਚੱਲ ਰਹੀ ਜੰਗਬੰਦੀ ਵਾਰਤਾ ਦੇ ਵਿਚਕਾਰ ਅਮਰੀਕੀ ਫੌਜ ਨੇ ਮੰਗਲਵਾਰ ਨੂੰ ਹੋਰਮੁਜ਼ ਸਟ੍ਰੇਟ ਨੇੜੇ ਬਾਰੂਦੀ ਸੁਰੰਗਾਂ ਵਿਛਾ ਰਹੀਆਂ ਕਿਸ਼ਤੀਆਂ ਨੂੰ ਨਿਸ਼ਾਨਾ ਬਣਾਇਆ। ਇਸ ਤੋਂ ਇਲਾਵਾ ਬੰਦਰ ਬੰਦਰਗਾਹ ਨੇੜੇ ਸਰਫੇਸ-ਟੂ-ਏਅਰ ਮਿਜ਼ਾਈਲ ਸਾਈਟ 'ਤੇ ਵੀ ਹਮਲਾ ਕੀਤਾ। ਅਮਰੀਕੀ ਸੈਂਟਰਲ ਕਮਾਂਡ ਅਨੁਸਾਰ ਇਹ ਕਾਰਵਾਈ ਸੈਲਫ-ਡਿਫੈਂਸ ਯਾਨੀ ਆਤਮ-ਰੱਖਿਆ ਵਿੱਚ ਕੀਤੀ ਗਈ। ਸੈਂਟਕਾਮ ਦੇ ਬੁਲਾਰੇ ਟਿਮੋਥੀ ਹਾਕਿਨਜ਼ ਨੇ ਕਿਹਾ ਕਿ



ਅਮਰੀਕੀ ਸੈਨਿਕਾਂ ਅਤੇ ਜੰਗੀ ਜਹਾਜ਼ਾਂ ਨੂੰ ਖ਼ਤਰੇ ਤੋਂ ਬਚਾਉਣ ਲਈ ਇਹ ਹਮਲੇ ਕੀਤੇ ਗਏ। ਅਮਰੀਕੀ ਫੌਜ ਦਾ ਦੋਸ਼ ਹੈ ਕਿ ਬਾਰੂਦੀ ਸੁਰੰਗਾਂ ਵਿਛਾਉਣ ਨਾਲ ਅੰਤਰਰਾਸ਼ਟਰੀ ਜਹਾਜ਼ਾਂ ਅਤੇ ਅਮਰੀਕੀ ਜੰਗੀ ਜਹਾਜ਼ਾਂ ਨੂੰ ਖ਼ਤਰਾ ਹੋ ਸਕਦਾ ਸੀ। ਹਾਲਾਂਕਿ, ਹਾਕਿਨਜ਼ ਨੇ ਇਹ ਵੀ ਕਿਹਾ ਕਿ ਸੀਜ਼ਫਾਇਰ ਦੌਰਾਨ ਅਮਰੀਕਾ ਸੰਜਮ ਵਰਤ ਰਿਹਾ ਹੈ । ਮਾਹਰਾਂ ਦਾ ਮੰਨਣਾ ਹੈ ਕਿ ਇਸ ਹਮਲੇ ਨਾਲ ਦੋਵਾਂ ਦੇਸ਼ਾਂ ਦੀ ਗੱਲਬਾਤ ਵਿੱਚ ਥੋੜ੍ਹੀ ਰੁਕਾਵਟ ਜ਼ਰੂਰ ਆ ਸਕਦੀ ਹੈ, ਪਰ ਫਿਲਹਾਲ ਸ਼ਾਂਤੀ ਵਾਰਤਾ ਰੁਕਦੀ ਦਿਖਾਈ ਨਹੀਂ ਦੇ ਰਹੀ।

# ਪੰਜਾਬ 'ਚ ਨਗਰ ਨਿਗਮ, ਨਗਰ ਕੌਂਸਲ ਅਤੇ ਨਗਰ ਪੰਚਾਇਤ ਲਈ ਵੋਟਾਂ ਪਾਉਣ ਦਾ ਕੰਮ ਅਮਨ-ਅਮਾਨ ਨਾਲ ਨੇਪਰੇ ਚੜ੍ਹਿਆ

**ਚੰਡੀਗੜ੍ਹ।** ਪੰਜਾਬ 'ਚ ਨਗਰ ਨਿਗਮ, ਨਗਰ ਕੌਂਸਲ ਅਤੇ ਨਗਰ ਪੰਚਾਇਤ ਦੀਆਂ ਚੋਣਾਂ ਲਈ ਪੰਜਾਬ ਦੇ ਅੱਠ ਨਗਰ ਨਿਗਮਾਂ, 76 ਨਗਰ ਕੌਂਸਲਾਂ ਅਤੇ 21 ਨਗਰ ਪੰਚਾਇਤਾਂ ਲਈ ਵੋਟਾਂ ਪਾਉਣ ਦਾ ਕੰਮ ਇਕ-ਦੋ ਛੋਟੀਆਂ-ਮੋਟੀਆਂ ਘਟਨਾਵਾਂ ਨੂੰ ਛੱਡ ਕੇ ਅਮਨ-ਅਮਾਨ ਨਾਲ ਨੇਪਰੇ ਚੜ੍ਹ ਗਿਆ। ਵੋਟਿੰਗ ਪ੍ਰਕਿਰਿਆ ਸਵੇਰੇ 8 ਵਜੇ ਸ਼ੁਰੂ ਹੋਈ ਸੀ ਜੋ ਸ਼ਾਮ 5 ਵਜੇ ਤੱਕ ਚੱਲੀ। ਇਨ੍ਹਾਂ ਚੋਣਾਂ ਵਿੱਚ 7555 ਉਮੀਦਵਾਰ ਚੋਣ ਲੜ ਰਹੇ ਹਨ ਜਿਨ੍ਹਾਂ ਦੀ ਸਿਆਸੀ ਕਿਸਮਤ ਬੈਲਟ ਬਾਕਸ 'ਚ ਅੱਜ ਬੰਦ ਹੋ ਗਈ। ਇਨ੍ਹਾਂ ਚੋਣਾਂ ਦੇ ਨਤੀਜੇ ਆਉਂਦੀ 29 ਮਈ ਨੂੰ ਐਲਾਨੇ ਜਾਣਗੇ। ਨਗਰ ਨਿਗਮ, ਨਗਰ ਕੌਂਸਲ ਅਤੇ ਨਗਰ ਪੰਚਾਇਤ ਦੀਆਂ ਚੋਣਾਂ ਲਈ ਸਾਰੀਆਂ ਥਾਵਾਂ 'ਤੇ ਲਗਭਗ 65 ਫੀਸਦੀ ਪੋਲਿੰਗ ਹੋਈ।

ਅੰਤਾਂ ਦੀ ਗਰਮੀ ਵਾਲੇ ਆਲਮ ਦੌਰਾਨ ਪੰਜਾਬ ਵਿਚ 104 ਮਿਉਂਸਿਪਲ ਸੰਸਥਾਵਾਂ ਦੀਆਂ ਚੋਣਾਂ ਅੱਜ ਹੋ ਰਹੀਆਂ ਹਨ।

**ਚੋਣਾਂ ਦੇ ਨਤੀਜੇ ਆਉਂਦੀ 29 ਮਈ ਨੂੰ ਐਲਾਨੇ ਜਾਣਗੇ**




ਹਾਲਾਂਕਿ ਇਹ ਚੋਣਾਂ ਸ਼ਹਿਰਾਂ ਤੇ ਕਸਬਿਆਂ ਤਕ ਸੀਮਤ ਹਨ, ਫਿਰ ਵੀ ਇਨ੍ਹਾਂ ਨੂੰ ਪੰਜਾਬ ਵਿਧਾਨ ਸਭਾ ਦੀਆਂ ਆਗਾਮੀ ਚੋਣਾਂ ਦੇ ਸੈਮੀ ਫ਼ਾਈਨਲ ਵਜੋਂ ਦੇਖਿਆ ਜਾ ਰਿਹਾ ਹੈ। ਚੋਣਾਂ ਵਾਲੀਆਂ ਮਿਉਂਸਿਪਲ ਸੰਸਥਾਵਾਂ ਵਿਚ ਅੱਠ ਨਗਰ ਨਿਗਮ, 75 ਨਗਰ ਕੌਂਸਲਾਂ ਅਤੇ 21 ਨਗਰ ਪੰਚਾਇਤਾਂ ਸ਼ਾਮਲ ਸਨ। ਇਨ੍ਹਾਂ ਲਈ ਵੋਟਰਾਂ ਦੀ ਕੁਲ ਗਿਣਤੀ 36.7 ਲੱਖ ਦੱਸੀ ਜਾਂਦੀ ਹੈ। ਗਰਮੀ ਦੇ ਬਾਵਜੂਦ ਪਿਛਲੇ ਇਕ ਹਫ਼ਤੇ ਦੌਰਾਨ ਜਿਸ ਸ਼ਿੱਦਤ ਨਾਲ ਚੋਣ ਪ੍ਰਚਾਰ ਭਖਿਆ ਰਿਹਾ, ਉਸ ਦੇ ਮੱਦੇਨਜ਼ਰ ਇਹ ਉਮੀਦ ਜਾਇਜ਼ ਜਾਪਦੀ ਹੈ ਕਿ ਵੋਟਰ ਹੁੰਮਹੁੰਮਾ ਕੇ ਵੋਟ ਦੇ ਅਪਣੇ ਹੱਕ ਦੀ ਵਰਤੋਂ ਕਰਨਗੇ। ਕਿਉਂਕਿ ਸਾਰੀਆਂ ਪ੍ਰਮੁਖ ਸਿਆਸੀ ਪਾਰਟੀਆਂ (ਆਪ, ਕਾਂਗਰਸ, ਅਕਾਲੀ ਦਲ, ਭਾਜਪਾ ਤੇ ਬਸਪਾ) ਆਪੋ-ਅਪਣੇ ਚੋਣ ਨਿਸ਼ਾਨਾਂ 'ਤੇ ਚੋਣ ਲੜ ਰਹੀਆਂ ਹਨ।




# ਅਦਾਰਾ ਸਮਾਜ ਵੀਕਲੀ ਵਲੋਂ ਕੋਟਿ-ਕੋਟਿ ਨਮਨ

# ਸੈਪਟਿਕ ਟੈਂਕ ਵਿੱਚ ਦਮ ਘੁੱਟਣ ਕਾਰਨ 6 ਮਜ਼ਦੂਰਾਂ ਦੀ ਮੌਤ

**ਭਵਾਨੀਪਟਨਾ,** । ਓਡੀਸ਼ਾ ਦੇ ਕਾਲਾਹਾਂਡੀ ਜ਼ਿਲ੍ਹੇ ਅੱਜ ਇੱਕ ਨਿਰਮਾਣ ਅਧੀਨ ਸੈਪਟਿਕ ਟੈਂਕ ਦੇ ਅੰਦਰ ਦਮ ਘੁੱਟਣ ਕਾਰਨ ਘੱਟੋ-ਘੱਟ 6 ਮਜ਼ਦੂਰਾਂ ਦੀ ਮੌਤ ਹੋ ਗਈ। ਪੁਲੀਸ ਮੁਤਾਬਕ ਇਹ ਹਾਦਸਾ ਜ਼ਹਿਰੀਲੀ ਗੈਸ ਚੜ੍ਹਨ ਕਾਰਨ ਵਾਪਰਿਆ ਦੱਸਿਆ ਜਾ ਰਿਹਾ ਹੈ। ਇਸ ਹਾਦਸੇ ਵਿੱਚ ਇੱਕ ਹੋਰ ਵਿਅਕਤੀ ਗੰਭੀਰ ਰੂਪ ਵਿੱਚ ਬੀਮਾਰ ਹੋ ਗਿਆ, ਜਿਸ ਨੂੰ ਇਲਾਜ ਲਈ ਹਸਪਤਾਲ ਦਾਖਲ ਕਰਵਾਇਆ ਗਿਆ।

ਇੱਕ ਸੀਨੀਅਰ ਪੁਲੀਸ ਅਧਿਕਾਰੀ ਨੇ ਦੱਸਿਆ ਕਿ ਇਹ ਘਟਨਾ ਮਦਨਪੁਰ-ਰਾਮਪੁਰ ਥਾਣਾ ਖੇਤਰ ਦੇ ਕਰੀਆਖੁੰਟਾ ਪਿੰਡ ਵਿੱਚ ਵਾਪਰੀ ਹੈ। ਮਾਰੇ ਗਏ ਸਾਰੇ ਵਿਅਕਤੀ ਮਜ਼ਦੂਰ ਸਨ ਅਤੇ ਟੈਂਕ ਦੇ ਅੰਦਰ ਨਿਰਮਾਣ ਕਾਰਜ ਵਿੱਚ ਜੁਟੇ ਹੋਏ ਸਨ। ਅਚਾਨਕ ਟੈਂਕ ਦੇ ਅੰਦਰ ਦਮ ਘੁੱਟਣ ਕਾਰਨ ਉਹ ਬੇਹੋਸ਼ ਹੋ ਗਏ। ਜਦੋਂ ਤੱਕ ਉਨ੍ਹਾਂ ਨੂੰ ਬਾਹਰ ਕੱਢਿਆ ਗਿਆ, ਉਦੋਂ



ਤੱਕ 6 ਵਿਅਕਤੀਆਂ ਦੀ ਮੌਤ ਹੋ ਚੁੱਕੀ ਸੀ। ਇਸ ਹਾਦਸੇ ਤੇ ਓਡੀਸ਼ਾ ਦੇ ਮੁੱਖ ਮੰਤਰੀ ਮੋਹਨ ਚਰਨ ਮਾਝੀ ਨੇ ਡੂੰਘੇ ਦੁੱਖ ਅਤੇ ਸੰਵੇਦਨਾ ਦਾ ਪ੍ਰਗਟਾਵਾ ਕੀਤਾ ਹੈ। ਮੁੱਖ ਮੰਤਰੀ ਦਫ਼ਤਰ ਵੱਲੋਂ ਸੋਸ਼ਲ ਮੀਡੀਆ ਪਲੇਟਫਾਰਮ ਐਕਸ ਤੇ ਸਾਂਝੀ ਕੀਤੀ ਗਈ ਇੱਕ ਪੋਸਟ ਵਿੱਚ ਕਿਹਾ ਕਿ ਕਾਲਾਹਾਂਡੀ ਜ਼ਿਲ੍ਹੇ ਦੇ ਮਦਨਪੁਰ-ਰਾਮਪੁਰ ਵਿੱਚ ਇੱਕ ਨਿਰਮਾਣ ਵਾਲੀ ਥਾਂ ਤੇ ਵਾਪਰੇ ਦੁਖਦਾਈ ਹਾਦਸੇ ਵਿੱਚ 6 ਵਿਅਕਤੀਆਂ ਦੀ ਜਾਨ ਜਾਣ ਦੀ ਖ਼ਬਰ ਸੁਣ ਕੇ ਮੁੱਖ ਮੰਤਰੀ ਸ਼੍ਰੀ ਮੋਹਨ ਚਰਨ ਮਾਝੀ ਨੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਅਤੇ ਪੀੜਤ ਪਰਿਵਾਰਾਂ ਨਾਲ ਹਮਦਰਦੀ ਜਤਾਈ ਹੈ। ਮੁੱਖ ਮੰਤਰੀ ਨੇ ਇਸ ਹਾਦਸੇ ਵਿੱਚ ਜਾਨ ਗੁਆਉਣ ਵਾਲੇ ਮਜ਼ਦੂਰਾਂ ਦੇ ਪਰਿਵਾਰਾਂ ਲਈ ਮੁੱਖ ਮੰਤਰੀ ਰਾਹਤ ਫੰਡ ਵਿੱਚੋਂ 4-4 ਲੱਖ ਰੁਪਏ ਦੀ ਵਿੱਤੀ ਸਹਾਇਤਾ (ਐਕਸ-ਗ੍ਰੇਸ਼ੀਆ) ਦੇਣ ਦਾ ਐਲਾਨ ਕੀਤਾ ਹੈ। ਪੁਲੀਸ ਨੇ ਲਾਸ਼ਾਂ ਨੂੰ ਪੋਸਟਮਾਰਟਮ ਲਈ ਭੇਜ ਦਿੱਤਾ ਹੈ ਅਤੇ ਮਾਮਲੇ ਦੀ ਅਗਲੇਰੀ ਜਾਂਚ ਕਰਨੀ ਸ਼ੁਰੂ ਕਰ ਦਿੱਤੀ ਹੈ।

## ਮੱਧ ਪ੍ਰਦੇਸ਼: ਖੂਹ ਪੁੱਟਦੇ ਸਮੇਂ ਪੰਜ ਮਜ਼ਦੂਰਾਂ ਦੀ ਮਿੱਟੀ ਹੇਠਾਂ ਦੱਬੇ ਜਾਣ ਕਾਰਨ ਮੌਤ

**ਪੰਨਾ:** ਮੱਧ ਪ੍ਰਦੇਸ਼ ਦੇ ਪੰਨਾ ਜ਼ਿਲ੍ਹੇ ਦੇ ਅਜੈਗੜ੍ਹ ਥਾਣਾ ਖੇਤਰ ਵਿੱਚ ਇੱਕ ਵੱਡੇ ਹਾਦਸੇ ਦੀ ਖ਼ਬਰ ਹੈ। ਅਜੈਗੜ੍ਹ ਥਾਣੇ ਅਧੀਨ ਪੈਂਦੇ ਪਿੰਡ ਬਿਹਾਰ-ਪੁਰਵਾ ਵਿੱਚ ਇੱਕ ਨਿਰਮਾਣ ਅਧੀਨ ਖੂਹ ਦੇ ਧਸਣ ਕਾਰਨ ਦਰਦਨਾਕ ਹਾਦਸਾ ਵਾਪਰ ਗਿਆ, ਜਿਸ ਵਿੱਚ 5 ਲੋਕਾਂ ਦੀ ਦਰਦਨਾਕ ਮੌਤ ਹੋ ਗਈ ਹੈ। ਸਾਰੇ ਮਜ਼ਦੂਰ ਰੇਤ ਦੀ ਖੱਡ ਵਰਗੇ ਖੂਹ ਵਿੱਚ ਕੰਮ ਕਰ ਰਹੇ ਸਨ, ਜਦੋਂ ਅਚਾਨਕ ਉੱਥੋਂ ਦੀ ਮਿੱਟੀ ਧਸ ਗਈ ਅਤੇ ਸਾਰੇ ਮਲਬੇ ਹੇਠਾਂ ਜ਼ਿੰਦਾ ਦੱਬ ਗਏ। ਹਾਦਸੇ ਵਿੱਚ ਪੰਜ ਲੋਕਾਂ ਦੀ ਮੌਤ ਤੋਂ ਬਾਅਦ ਪੂਰੇ ਪਿੰਡ ਵਿੱਚ ਅਫਰਾ-ਤਫਰੀ ਮਚ ਗਈ। ਸੂਚਨਾ ਮਿਲਦੇ ਹੀ ਪ੍ਰਸ਼ਾਸਨ ਅਤੇ ਪੁਲਿਸ ਦੀ ਟੀਮ ਮੌਕੇ 'ਤੇ ਪਹੁੰਚੀ



ਅਤੇ ਰਾਹਤ ਤੇ ਬਚਾਅ ਕਾਰਜ ਸ਼ੁਰੂ ਕੀਤਾ ਗਿਆ, ਪਰ ਉਦੋਂ ਤੱਕ ਬਹੁਤ ਦੇਰ ਹੋ ਚੁੱਕੀ ਸੀ। ਪੰਨਾ ਵਿੱਚ ਖੂਹ ਧਸਣ ਕਾਰਨ ਮਾਰੇ ਗਏ ਲੋਕਾਂ ਦੇ ਨਾਮ ਵੀ ਸਾਹਮਣੇ ਆ ਗਏ ਹਨ। ਮ੍ਰਿਤਕਾਂ ਵਿੱਚ ਚੁੰਨੂ ਯਾਦਵ, ਰਾਮਪਾਲ ਯਾਦਵ, ਰਾਜਕੁਮਾਰ ਯਾਦਵ, ਆਸ਼ੀਸ਼ ਯਾਦਵ ਅਤੇ ਚੁਨਵਾਦ ਪਾਲ ਸ਼ਾਮਲ ਹਨ। ਪ੍ਰਸ਼ਾਸਨ ਦੇ ਪਹੁੰਚਣ ਤੋਂ ਪਹਿਲਾਂ ਹੀ ਸਥਾਨਕ ਲੋਕਾਂ ਨੇ ਦੱਬੇ ਹੋਏ ਲੋਕਾਂ ਨੂੰ ਬਾਹਰ ਕੱਢਣ ਦੀ ਕੋਸ਼ਿਸ਼ ਸ਼ੁਰੂ ਕਰ ਦਿੱਤੀ ਸੀ। ਜੇਸੀਬੀ ਲਗਾ ਕੇ ਖੁਦਾਈ ਕੀਤੀ ਗਈ ਅਤੇ ਬਚਾਅ ਟੀਮ ਦੇ ਆਉਣ 'ਤੇ ਉਨ੍ਹਾਂ ਨੂੰ ਕੰਮ ਸੌਂਪਿਆ ਗਿਆ।

## ਲੈਫਟੀਨੈਂਟ ਜਨਰਲ ਹਰਜੀਤ ਸਿੰਘ ਸਾਹੀ ਨੇ ਪੱਛਮੀ ਕਮਾਨ ਦੇ ਚੀਫ਼ ਆਫ਼ ਸਟਾਫ਼ ਦਾ ਸੰਭਾਲਿਆ ਅਹੁਦਾ

**ਪੰਚਕੂਲਾ:** ਲੈਫਟੀਨੈਂਟ ਜਨਰਲ ਹਰਜੀਤ ਸਿੰਘ ਸਾਹੀ, ਪੀਵੀਐਸਐਮ, ਯੂਵਾਈਐਸਐਮ, ਏਵੀਐਸਐਮ, ਵਾਈਐਸਐਮ, ਐਸਐਮ ਨੇ 26 ਮਈ 2026 ਨੂੰ ਚੰਡੀਮੰਦਰ ਮਿਲਟਰੀ ਸਟੇਸ਼ਨ ਵਿਖੇ ਮੁੱਖ ਦਫ਼ਤਰ ਪੱਛਮੀ ਕਮਾਨ ਦੇ ਚੀਫ਼ ਆਫ਼ ਸਟਾਫ਼ ਦਾ ਅਹੁਦਾ ਸੰਭਾਲਿਆ। ਉਨ੍ਹਾਂ ਨੇ ਲੈਫਟੀਨੈਂਟ ਜਨਰਲ ਪੁਨੀਤ ਆਹੂਜਾ, ਏਵੀਐਸਐਮ, ਐਸਐਮ, ਵੀਐਸਐਮ ਦੀ ਜਗ੍ਹਾ ਲਈ ਹੈ, ਜਿਨ੍ਹਾਂ ਨੇ ਆਰਮੀ ਹੈੱਡਕੁਆਰਟਰ ਵਿੱਚ ਮਹਾਨਿਰਦੇਸ਼ਕ ਰਣਨੀਤਕ ਯੋਜਨਾਬੰਦੀ (ਡਾਇਰੈਕਟਰ ਜਨਰਲ ਸਟ੍ਰੈਟੇਜਿਕ ਪਲੈਨਿੰਗ) ਦਾ ਅਹੁਦਾ ਸੰਭਾਲਣ ਲਈ ਕਾਰਜਭਾਰ ਗ੍ਰਹਿਣ ਕੀਤਾ ਹੈ। ਪੰਜਾਬ ਪਬਲਿਕ ਸਕੂਲ, ਨਾਭਾ ਅਤੇ ਭਾਰਤੀ ਮਿਲਟਰੀ ਅਕੈਡਮੀ, ਦੇਹਰਾਦੂਨ ਦੇ ਸਾਬਕਾ ਵਿਦਿਆਰਥੀ ਲੈਫਟੀਨੈਂਟ ਜਨਰਲ ਸਾਹੀ ਨੂੰ ਦਸੰਬਰ 1988 ਵਿੱਚ ਰਾਜਪੂਤ ਰੈਜੀਮੈਂਟ ਦੀ 23ਵੀਂ ਬਟਾਲੀਅਨ ਵਿੱਚ ਕਮਿਸ਼ਨ ਮਿਲਿਆ ਸੀ ਅਤੇ ਵਰਤਮਾਨ ਵਿੱਚ ਉਹ ਰਾਜਪੂਤ ਰੈਜੀਮੈਂਟ ਦੇ ਕਰਨਲ ਦੇ ਵੱਕਾਰੀ ਅਹੁਦੇ 'ਤੇ ਤਾਇਨਾਤ ਹਨ। ਜਨਰਲ ਅਧਿਕਾਰੀ ਨੂੰ ਉੱਤਰੀ, ਪੱਛਮੀ ਅਤੇ ਪੂਰਬੀ ਖੇਤਰਾਂ ਸਮੇਤ ਸਿਆਚਿਨ ਗਲੇਸ਼ੀਅਰ ਵਿੱਚ ਵਿਆਪਕ ਅਪਰੇਸ਼ਨਲ (ਕਾਰਜਸ਼ੀਲ)



ਅਨੁਭਵ ਹਾਸਲ ਹੈ। ਉਨ੍ਹਾਂ ਨੇ ਜੰਮੂ-ਕਸ਼ਮੀਰ ਵਿੱਚ ਕੰਟਰੋਲ ਰੇਖਾ (LOC) ਅਤੇ ਕਾਊਂਟਰ ਇੰਸਰਜੈਂਸੀ ਫੋਰਸ (ਕਿਲੋ) ਵਿੱਚ ਆਪਣੀ ਬਟਾਲੀਅਨ ਅਤੇ ਇੱਕ ਇਨਫੈਂਟਰੀ ਬ੍ਰਿਗੇਡ ਦੀ ਕਮਾਨ ਸੰਭਾਲੀ। ਉਨ੍ਹਾਂ ਨੂੰ ਭਾਰਤੀ ਫ਼ੌਜ ਦੀ ਸਭ ਤੋਂ ਵੱਡੀ ਕੋਰ, 3 ਕੋਰ, ਦੀ ਕਮਾਨ ਸੰਭਾਲਣ ਦਾ ਵਿਸ਼ੇਸ਼ ਮਾਣ ਹਾਸਲ ਹੈ, ਜਿਸ ਦੀ ਜ਼ਿੰਮੇਵਾਰੀ ਪੂਰਬੀ ਸਰਹੱਦਾਂ, ਭਾਰਤ-ਮਿਆਂਮਾਰ ਸਰਹੱਦ ਅਤੇ ਉੱਤਰ-ਪੂਰਬ ਦੇ ਛੇ ਰਾਜਾਂ ਦੇ ਅੰਦਰੂਨੀ ਖੇਤਰਾਂ ਤੱਕ ਫੈਲੀ ਹੋਈ ਹੈ। ਮਈ 2023 ਵਿੱਚ ਮਣੀਪੁਰ ਵਿੱਚ ਹੋਏ ਜਾਤੀ ਸੰਘਰਸ਼ ਦੌਰਾਨ ਉਨ੍ਹਾਂ ਨੇ ਆਪਣੇ ਜ਼ਿੰਮੇਵਾਰੀ ਵਾਲੇ ਖੇਤਰ ਵਿੱਚ ਬੁਨਿਆਦੀ ਢਾਂਚੇ ਦੇ ਸੁਧਾਰ ਅਤੇ ਸਥਿਰਤਾ ਯਕੀਨੀ ਬਣਾਉਣ ਵਿੱਚ ਅਹਿਮ ਭੂਮਿਕਾ ਨਿਭਾਈ। ਇਸ ਨਿਯੁਕਤੀ ਤੋਂ ਪਹਿਲਾਂ ਉਹ ਆਰਮੀ ਵਾਰ ਕਾਲਜ, ਮਹੂ ਦੇ ਕਮਾਂਡੈਂਟ ਵਜੋਂ ਸੇਵਾ ਨਿਭਾ ਰਹੇ ਸਨ, ਜਿੱਥੇ ਉਨ੍ਹਾਂ ਨੇ ਪੇਸ਼ੇਵਰ ਮਿਲਟਰੀ ਸਿੱਖਿਆ ਨੂੰ ਉੱਭਰਦੀਆਂ ਅਪਰੇਸ਼ਨਲ ਲੋੜਾਂ ਅਤੇ ਤਕਨੀਕੀ ਤਰੱਕੀ ਦੇ ਅਨੁਕੂਲ ਬਣਾਉਣ ਲਈ ਕਈ ਮਹੱਤਵਪੂਰਨ ਪਹਿਲਕਦਮੀਆਂ ਕੀਤੀਆਂ। ਉਨ੍ਹਾਂ ਦੀ ਅਗਵਾਈ ਹੇਠ ਸੰਸਥਾ ਨੂੰ 15 ਜਨਵਰੀ 2026 ਨੂੰ ਵੱਕਾਰੀ "ਚੀਫ਼ ਆਫ਼ ਦਾ ਆਰਮੀ ਸਟਾਫ਼ ਯੂਨਿਟ ਅਪ੍ਰੀਸੀਏਸ਼ਨ" ਨਾਲ ਸਨਮਾਨਿਤ ਕੀਤਾ ਗਿਆ ਸੀ।ਜਨਰਲ ਅਧਿਕਾਰੀ ਨੇ ਕਈ ਮਹੱਤਵਪੂਰਨ ਸਟਾਫ਼ ਨਿਯੁਕਤੀਆਂ 'ਤੇ ਵੀ ਕੰਮ ਕੀਤਾ ਹੈ, ਜਿਨ੍ਹਾਂ ਵਿੱਚ ਇੱਕ ਅਪਰੇਸ਼ਨਲ ਕੋਰ ਦੇ ਬ੍ਰਿਗੇਡੀਅਰ ਜਨਰਲ ਸਟਾਫ਼, ਵਧੀਕ ਮਹਾਨਿਰਦੇਸ਼ਕ ਮਿਲਟਰੀ ਅਪਰੇਸ਼ਨਜ਼ ਅਤੇ ਆਰਮੀ ਹੈੱਡਕੁਆਰਟਰ ਵਿੱਚ ਮਹਾਨਿਰਦੇਸ਼ਕ ਸੂਚਨਾ ਯੁੱਧ (ਇਨਫਾਰਮੇਸ਼ਨ ਵਾਰਫੇਅਰ) ਸ਼ਾਮਲ ਹਨ।

Samaj Weekly
ਸਮਾਜ ਵੀਕਲੀ

Editor-in-chief
Devinder Chander
+44 7878 456 484

Editorial Office
Samaj Weekly
Samaj Media Enterprise Ltd
46 Summer Road
Erdington,Birmingham UK
B23 6UR
+44 7878 456 484
+44 121 565 4810
info@samajweekly.com
samajweekly@gmail.com

ਹਰ ਪ੍ਰਕਾਰ ਦੇ ਵਪਾਰਕ ਅਤੇ ਕਲਾਸੀਫਾਈਡ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

## ਪੰਜਾਬ ਵਿੱਚ ਗਰਮੀ ਦਾ ਕਹਿਰ, ਹੀਟਵੇਵ ਅਲਰਟ



**ਚੰਡੀਗੜ੍ਹ:** ਪੰਜਾਬ ਅਤੇ ਚੰਡੀਗੜ੍ਹ ਵਿੱਚ ਗਰਮੀ ਦਾ ਕਹਿਰ ਲਗਾਤਾਰ ਜਾਰੀ ਹੈ । ਪਿਛਲੇ 24 ਘੰਟਿਆਂ ਵਿੱਚ ਤਾਪਮਾਨ 1.1 ਡਿਗਰੀ ਸੈਲਸੀਅਸ ਵਧਿਆ ਹੈ। ਕਈ ਸ਼ਹਿਰਾਂ ਵਿੱਚ ਤਾਪਮਾਨ ਆਮ ਨਾਲੋਂ 2 ਤੋਂ 4 ਡਿਗਰੀ ਵੱਧ ਪਹੁੰਚ ਗਿਆ ਹੈ। ਸੋਮਵਾਰ ਨੂੰ ਬਠਿੰਡਾ ਵਿੱਚ ਸਭ ਤੋਂ ਵੱਧ ਤਾਪਮਾਨ 44.8 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ। ਚੰਡੀਗੜ੍ਹ ਵਿੱਚ ਵੀ ਤੇਜ਼ ਗਰਮੀ ਮਹਿਸੂਸ ਕੀਤੀ ਗਈ, ਵੱਧ ਤੋਂ ਵੱਧ ਤਾਪਮਾਨ 42.7 ਡਿਗਰੀ ਸੈਲਸੀਅਸ ਰਿਹਾ। ਸੋਮਵਾਰ ਸਵੇਰੇ, ਪੰਜਾਬ ਸਰਕਾਰ ਨੇ ਸਰਕਾਰੀ ਦਫ਼ਤਰਾਂ ਅਤੇ ਸਕੂਲਾਂ ਦੇ ਸਮੇਂ ਵਿੱਚ ਬਦਲਾਅ ਕੀਤਾ। ਸਰਕਾਰੀ ਸਕੂਲ ਅਤੇ ਦਫ਼ਤਰ ਸਵੇਰੇ 7:30 ਵਜੇ ਤੋਂ ਦੁਪਹਿਰ 1:30 ਵਜੇ ਤੱਕ ਖੁੱਲ੍ਹੇ ਰਹਿਣਗੇ। ਕਰਮਚਾਰੀਆਂ ਦੀ ਦੁਪਹਿਰ ਦੇ ਖਾਣੇ ਦੀ ਛੁੱਟੀ ਦੁਪਹਿਰ 1:30 ਵਜੇ ਤੋਂ ਬਾਅਦ ਹੋਵੇਗੀ। ਚੰਡੀਗੜ੍ਹ ਮੌਸਮ ਵਿਗਿਆਨ ਕੇਂਦਰ ਨੇ 27 ਮਈ ਤੱਕ ਪੰਜਾਬ ਵਿੱਚ ਗੰਭੀਰ ਗਰਮੀ ਦੀ ਚੇਤਾਵਨੀ ਜਾਰੀ ਕੀਤੀ ਹੈ। ਕਈ ਜ਼ਿਲ੍ਹਿਆਂ ਵਿੱਚ ਗਰਮੀ ਦੀ ਸਥਿਤੀ ਬਹੁਤ ਗੰਭੀਰ ਰਹਿਣ ਦੀ ਉਮੀਦ ਹੈ।

ਪੱਤਰਕਾਰਾਂ ਦੀ ਲੋੜ

ਇੰਗਲੈਂਡ ਦੇ ਹਰ ਇਲਾਕੇ 'ਚ ਪੱਤਰਕਾਰਾਂ ਦੀ ਲੋੜ ਹੈ, ਪੱਤਰਕਾਰਤਾ ਦਾ ਸ਼ੌਕ ਰੱਖਣ ਵਾਲੇ ਆਪਣੀ C.V. email: samajweekly@gmail.com ਉੱਤੇ ਭੇਜ ਸਕਦੇ ਹਨ।

Editor-in-chief : **Devinder Chander**

**Mob: 07878 456 484**

ਨੋਟ : ਪੱਤਰਕਾਰਤਾ ਦਾ ਤਜੁਰਬਾ ਰੱਖਣ ਵਾਲੇ ਨੂੰ ਪਹਿਲ ਦਿਤੀ ਜਾਵੇਗੀ।

# ਤੇਜ਼ੀ ਨਾਲ ਫੈਲਦਾ ਜਾ ਰਿਹਾ ਹੈ ਖ਼ਤਰਨਾਕ ਇਬੋਲਾ ਵਾਇਰਸ

**ਨਵੀਂ ਦਿੱਲੀ :** ਮੌਜੂਦਾ ਸਮੇਂ ਇਬੋਲਾ ਵਾਇਰਸ ਨੇ ਸੰਸਾਰਕ ਪੱਧਰ ’ਤੇ ਕਾਫ਼ੀ ਦਹਿਸ਼ਤ ਫੈਲਾਈ ਹੋਈ ਐ, ਅਫ਼ਰੀਕੀ ਦੇਸ਼ ਕਾਂਗੋ ਅਤੇ ਯੂਗਾਂਡਾ ਵਿਚ ਫੈਲੀ ਬਿਮਾਰੀ ਨੂੰ ਲੈ ਕੇ ਦੁਨੀਆ ਭਰ ਦੇ ਸਿਹਤ ਮਾਹਿਰ ਪੂਰੀ ਦੁਨੀਆ ਨੂੰ ਅਲਰਟ ਕਰ ਰਹੇ ਨੇ। ਵਿਸ਼ਵ ਸਿਹਤ ਸੰਗਠਨ ਯਾਨੀ ਡਬਲਯੂਐਚਓ ਦੇ ਡਾਇਰੈਕਟਰ ਜਨਰਲ ਟੇਡ੍ਰੋਸ ਘੇਬ੍ਰੇਯੇਸਸ ਦੇ ਮੁਤਾਬਕ ਇਬੋਲਾ ਨਾਲ ਮਰਨ ਵਾਲਿਆਂ ਦੀ ਗਿਣਤੀ ਵਧ ਕੇ 220 ਹੋ ਗਈ ਐ ਅਤੇ ਇਹ ਮਹਾਂਮਾਰੀ ਤੇਜ਼ੀ ਨਾਲ ਫੈਲਦੀ ਜਾ ਰਹੀ ਐ। 25 ਮਈ ਨੂੰ ਪੂਰੇ ਮਹਾਂਦੀਪ ਦੇ ਸਿਹਤ ਨੇਤਾਵਾਂ ਦੀ ਇਕ ਮੀਟਿੰਗ ਵਿਚ ਅਫ਼ਰੀਕੀ ਸੀਡੀਸੀ ਦੇ ਡਾਇਰੈਕਟਰ ਜਨਰਲ ਡਾ. ਜੀਨ ਕਾਸੇਆ ਨੇ ਆਖਿਆ :

ਅਫ਼ਰੀਕੀ ਸੀਡੀਸੀ ਡਾਇਰੈਕਟਰ ਨੇ ਕੀ ਆਖਿਆ?

‘ਇਬੋਲਾ ਦਾ ਖ਼ਤਰਾ ਬਹੁਤ ਜ਼ਿਆਦਾ ਦੇਖਿਆ ਜਾ ਰਿਹਾ ਹੈ। ਅਸੀਂ ਹੋਰ ਜ਼ਿਆਦਾ ਅਫ਼ਰੀਕੀ ਲੋਕਾਂ ਦੀਆਂ ਮੌਤਾਂ ਬਰਦਾਸ਼ਤ ਨਹੀਂ ਕਰ ਸਕਦੇ। ਸਾਨੂੰ ਜਿੱਥੇ ਇਸ ਵਾਇਰਸ ਨੂੰ ਅੱਗੇ ਵਧਣ ਤੋਂ ਰੋਕਣਾ ਹੋਵੇਗਾ, ਉਥੇ ਹੀ ਇਸ ਦੇ ਪੱਕੇ ਹੱਲ ਲਈ ਵੀ ਯਤਨ ਕਰਨੇ ਹੋਣਗੇ।’’

ਜੇਕਰ ਭਾਰਤ ਦੀ ਗੱਲ ਕੀਤੀ ਜਾਵੇ ਤਾਂ ਭਾਰਤ ਹਾਲੇ ਤੱਕ ਇਸ ਖ਼ਤਰਨਾਕ ਵਾਇਰਸ ਤੋਂ ਸੁਰੱਖਿਅਤ ਐ,, ਹਾਲਾਂਕਿ ਇਹਤਿਆਤ ਦੇ ਤੌਰ ’ਤੇ ਐਡਵਾਇਜ਼ਰੀ ਜਾਰੀ ਕਰਕੇ ਲੋਕਾਂ ਨੂੰ ਕਾਂਗੋ ਅਤੇ ਯੂਗਾਂਡਾ ਦੇ ਨਾਲ ਦੱਖਣੀ ਸੂਡਾਨ ਦੀ ਯਾਤਰਾ ਨਾ ਕਰਨ ਦੀ ਸਲਾਹ ਦਿੱਤੀ ਗਈ ਐ। ਇਸੇ ਵਿਚਕਾਰ ਡਬਲਯੂਐਚਓ ਦੀ ਸਾਬਕਾ ਮੁੱਖ ਵਿਗਿਆਨੀ ਡਾ. ਸੌਮਯਾ ਸਵਾਮੀਨਾਥਨ ਨੇ ਕੁੱਝ ਜ਼ਰੂਰੀ ਮਸ਼ਵਰੇ ਸਾਂਝੇ ਕੀਤੇ ਨੇ, ਜਿਨ੍ਹਾਂ ਨੂੰ ਜਾਣਨਾ ਸਾਰਿਆਂ ਲਈ ਜ਼ਰੂਰੀ ਐ। ਡਾ. ਸਵਾਮੀਨਾਥਨ ਨੇ ਆਖਿਆ :

**ਡਾ. ਸੌਮਯਾ ਸਵਾਮੀਨਾਥਨ ਨੇ ਕੀ ਆਖਿਆ?**




‘‘ਇਹ ਕੌਮਾਂਤਰੀ ਚਿੰਤਾ ਦੀ ਇਕ ਜਨਤਕ ਸਿਹਤ ਐਮਰਜੈਂਸੀ ਐ। ਇਬੋਲਾ ਦਾ ਇਕ ਦੁਰਲੱਭ ਸਟ੍ਰੇਨ ‘ਬੰਡੀਬੁਗਿਓ’ ਫੈਲ ਰਿਹਾ ਏ। ਸਭ ਤੋਂ ਵੱਡੀ ਚੁਣੌਤੀ ਇਹ ਐ ਕਿ ਇਸ ਸਟ੍ਰੇਨ ਦੇ ਲਈ ਹੁਣ ਤੱਕ ਡਾਇਗਨੌਸਟਿਕ, ਇਲਾਜ ਦੇ ਬਦਲ ਅਤੇ ਟੀਕੇ ਵਿਕਸਤ ਨਹੀਂ ਕੀਤੇ ਗਏ। ਪ੍ਰਭਾਵਿਤ ਦੇਸ਼ਾਂ ਵਿਚ ਸ਼ੁਰੂਆਤ ਵਿਚ ਇਬੋਲਾ ਦੇ ਖ਼ਤਰੇ ਵਾਲੇ ਮਰੀਜ਼ਾਂ ਦੀ ਸਟੈਂਡਰਡ ਡਾਇਗਨੌਸਟਿਕ ਟੈਸਟ ਜ਼ਰੀਏ ਜਾਂਚ ਕੀਤੀ ਗਈ ਪਰ ਉਹ ਨੈਗੇਟਿਵ ਆਏ, ਜਿਸ ਦਾ ਮਤਲਬ ਹੈ ਕਿ ਲੋਕਾਂ ਵਿਚ ਇੰਫੈਕਸ਼ਨ ਦੇ ਬਾਰੇ ਵਿਚ ਪਤਾ ਚੱਲਣ ਨਾਲ ਕਈ ਹਫ਼ਤੇ ਪਹਿਲਾਂ ਤੋਂ ਹੀ ਫੈਲ ਚੁੱਕਿਆ ਸੀ, ਪਰ ਹੁਣ ਇਸ ਸਟ੍ਰੇਨ ਦੀ ਸੀਕਵੈਂਸਿੰਗ ਕਰ ਲਈ ਗਈ ਐ। ਇਹ ਸਾਫ਼ ਐ ਕਿ ਇਹ ਇਕ ਬੰਡੀਬੁਗਿਓ ਸਟ੍ਰੇਨ ਐ। ਸੰਭਾਵਿਤ ਤੌਰ ’ਤੇ ਇਕ ਹਜ਼ਾਰ ਤੋਂ ਵੱਧ ਲੋਕ ਇਸ ਤੋਂ ਪਹਿਲਾਂ ਹੀ ਪੀੜਤ ਹੋ ਚੁੱਕੇ ਨੇ।’’

ਡਾ. ਸਵਾਮੀਨਾਥਨ ਦਾ ਕਹਿਣਾ ਏ ਕਿ ਸੰਸਾਰਕ ਸੰਕਟ ਨੂੰ ਦੇਖਦਿਆਂ ਮਰੀਜ਼ਾਂ ਨੂੰ ਜਿਸ ਚੀਜ਼ ਦੀ ਸਭ ਤੋਂ ਜ਼ਿਆਦਾ ਜ਼ਰੂਰਤ ਐ, ਉਹ ਇਹ ਐ ਤੁਰੰਤ ਜਾਂਚ ਅਤੇ ਚੰਗਾ ਕਲੀਨਿਕਲ ਪ੍ਰਬੰਧ ਤਾਂਕਿ ਮੌਤਾਂ ਨੂੰ ਘੱਟ ਕੀਤਾ ਜਾ ਸਕੇ। ਭਾਰਤ ਨੇ ਕਾਂਗੋ ਨੂੰ ਜ਼ਰੂਰੀ ਉਪਕਰਨਾਂ ਦੀ ਪਹਿਲੀ ਖੇਪ ਭੇਜੀ ਐ ਤਾਂਕਿ ਉਥੇ ਲੋਕਾਂ ਦੀ ਜਾਂਚ ਹੋਰ ਤੇਜ਼ ਕੀਤੀ ਜਾ ਸਕੇ।

**ਵੈਕਸੀਨ ਨੂੰ ਲੈ ਕੇ ਕੀ ਅਪਡੇਟ?**

- ਇਬੋਲਾ ਨੂੰ ਲੈ ਕੇ ਇਕ ਵੱਡੀ ਚਿੰਤਾ ਇਸ ਦੀ ਮੌਤ ਦਰ ਵੀ ਹੈ, ਜੋ ਲਗਭਗ 30 ਤੋਂ 50 ਫ਼ੀਸਦ ਹੈ।
- ਡਬਲਯੂਐਚਓ ਇਸ ਗੱਲ ’ਤੇ ਵਿਚਾਰ ਕਰ ਰਿਹਾ ਹੈ ਕਿ ਕਲੀਨਿਕਲ ਟ੍ਰਾਇਲ ’ਚ ਕਿਹੜੇ ਇਲਾਜਾਂ ਨੂੰ ਅਜ਼ਮਾਇਆ ਜਾ ਸਕਦਾ ਹੈ।
- ਮਾਹਿਰਾਂ ਦੇ ਸੰਗਠਨ ਨੇ ਕੁੱਝ ਮੋਨੋਕਲੋਨਲ ਐਂਟੀਬਾਡੀਜ਼ ਦੀ ਵੀ ਸਿਫ਼ਾਰਸ਼ ਕੀਤੀ ਹੈ।
- ਇਬੋਲਾ ਦੇ ਬੰਡੀਬੁਗਿਓ ਸਟ੍ਰੇਨ ਦੇ ਖ਼ਿਲਾਫ਼ ਟੀਕਾ ਤਿਆਰ ਕਰਨ ਦੇ ਲਈ ਆਕਸਫੋਰਡ ਗਰੁੱਪ, ਸੀਰਮ ਇੰਸਟੀਚਿਊਟ ਆਫ਼ ਇੰਡੀਆ ਦੇ ਨਾਲ ਮਿਲ ਕੇ ਕੰਮ ਕਰ ਰਿਹਾ ਹੈ।
- ਇਬੋਲਾ ਦੇ ਸ਼ੁਰੂਆਤੀ ਆਮ ਲੱਛਣ ਬੁਖ਼ਾਰ, ਜੀਅ ਮਚਲਾਉਣਾ, ਸਿਰਦਰਦ ਅਤੇ ਸਰੀਰ ’ਤੇ ਚਕੱਤੇ ਪੈਣਾ ਹੈ।

ਮਾਹਿਰਾਂ ਮੁਤਾਬਕ ਇਬੋਲਾ ਨੂੰ ਲੈ ਕੇ ਰਿਸਰਚ ਡਿਵੈਲਪਮੈਂਟ ਅਤੇ ਡਾਇਗਨੌਸਟਿਕ, ਇਲਾਜ ਅਤੇ ਟੀਕੇ ਵਿਕਸਤ ਕਰਨ ਵਿਚ ਭਾਰਤ ਦੀ ਇਕ ਵੱਡੀ ਭੂਮਿਕਾ ਹੈ। ਆਈਸੀਐਮਆਰ ਦੇ ਜ਼ਰੀਏ ਭਾਰਤ ਮੋਨੋਕਲੋਨਲ ਐਂਟੀਬਾਡੀਜ਼ ਦੇ ਤੁਰੰਤ ਵਿਕਾਸ ਵਿਚ ਯੋਗਦਾਨ ਦੇ ਸਕਦਾ ਹੈ। ਮਹਾਂਮਾਰੀ ਦੀ ਤਿਆਰੀ ਦੇ ਲਈ ਸਾਰਿਆਂ ਨੂੰ ਜੋ ਕੰਮ ਕਰਨ ਦੀ ਲੋੜ ਐ, ਉਹ ਹੈ ਵੱਖ-ਵੱਖ ਪਲੇਟਫਾਰਮ ਦੀ ਵਰਤੋਂ ਕਰਕੇ ਪ੍ਰੋਟੋਟਾਈਪ ਟੀਕੇ ਤਿਆਰ ਕਰਨਾ।

## ਸੀ ਐਨ ਜੀ ਵੀ ਹੋਈ ਮਹਿੰਗੀ, 15 ਦਿਨਾਂ ਤੋਂ ਘੱਟ ਸਮੇਂ ਵਿੱਚ ਚੌਥੀ ਵਾਰ ਵਧੀ ਕੀਮਤ




**ਨਵੀਂ ਦਿੱਲੀ।** ਬੀਤੇ ਦਿਨ ਪੈਟਰੋਲ-ਡੀਜ਼ਲ ਦੀਆਂ ਕੀਮਤਾਂ ਵਿਚ ਵਾਧਾ ਹੋਣ ਤੋਂ ਬਾਅਦ ਹੁਣ ਸੀ ਐਨ ਜੀ ਦੀ ਕੀਮਤ ਵਿੱਚ ਵੀ ਵਾਧਾ ਕਰ ਦਿੱਤਾ ਗਿਆ ਹੈ। ਦਿੱਲੀ ਵਿੱਚ ਕੰਪ੍ਰੈਸਡ ਨੈਚੁਰਲ ਗੈਸ (ਸੀ ਐਨ ਜੀ) ਦੀਆਂ ਕੀਮਤਾਂ ਵਿੱਚ 2 ਰੁਪਏ ਪ੍ਰਤੀ ਕਿਲੋਗ੍ਰਾਮ ਦਾ ਵਾਧਾ ਹੋਇਆ ਹੈ, ਜਿਸ ਨਾਲ ਸੀ ਐਨ ਜੀ ਨਾਲ ਚੱਲਣ ਵਾਲੇ ਵਾਹਨਾਂ ਦੇ ਉਪਭੋਗਤਾਵਾਂ ਲਈ ਆਉਣ ਜਾਣ ਦਾ ਬੋਝ ਹੋਰ ਵਧ ਗਿਆ ਹੈ। ਇੰਦਰਪ੍ਰਸਥ ਗੈਸ ਲਿਮਟਿਡ ਦੇ ਅਨੁਸਾਰ, ਸੀਐਨਜੀ ਦੀ ਕੀਮਤ ਹੁਣ 81.09 ਰੁਪਏ ਤੋ ਵਧਾ ਕੇ 83.09 ਰੁਪਏ ਪ੍ਰਤੀ ਕਿਲੋਗ੍ਰਾਮ ਹੋ ਗਈ ਹੈ। ਪਿਛਲੇ 15 ਦਿਨਾਂ ਤੋਂ ਵੀ ਘੱਟ ਸਮੇਂ ਵਿੱਚ ਸੀ ਐਨ ਜੀ ਦੀ ਕੀਮਤ ਵਿੱਚ ਇਹ ਚੌਥਾ ਵਾਧਾ ਹੋਇਆ ਹੈ। ਸ਼ਨੀਵਾਰ ਨੂੰ ਵੀ ਸੀ ਐਨ ਜੀ ਦੀ ਕੀਮਤ ਵਿੱਚ 1 ਰੁਪਏ ਦਾ ਵਾਧਾ ਕੀਤਾ ਗਿਆ ਸੀ। ਇਸ ਦੌਰਾਨ ਕੁੱਲ ਮਿਲਾ ਕੇ ਸੀਐਨਜੀ ਲਗਭਗ 6 ਰੁਪਏ ਪ੍ਰਤੀ ਕਿਲੋ ਮਹਿੰਗੀ ਹੋਈ ਹੈ। ਜਿਕਰਯੋਗ ਹੈ ਕਿ ਸੀ ਐਨ ਜੀ ਦੀਆਂ ਕੀਮਤਾਂ ਵਿੱਚ ਵਾਧੇ ਦਾ ਅਸਰ ਦਿੱਲੀ ਅਤੇ ਮੁੰਬਈ ਵਰਗੇ ਸ਼ਹਿਰਾਂ ਵਿੱਚ ਜਨਤਕ ਆਵਾਜਾਈ ਦੇ ਬੇੜੇ ਤੇ ਵੀ ਪੈਂਦਾ ਹੈ, ਜਿੱਥੇ ਜ਼ਿਆਦਾਤਰ ਬੱਸਾਂ ਅਤੇ ਕੈਬ ਇਸ ਤੇ ਚੱਲਦੀਆਂ ਹਨ। ਤੇਲ ਕੰਪਨੀਆਂ ਵਲੋਂ ਇੱਕ ਦਿਨ ਪਹਿਲਾਂ (ਸੋਮਵਾਰ ਨੂੰ) ਪੈਟਰੋਲ ਅਤੇ ਡੀਜ਼ਲ ਦੀਆਂ ਕੀਮਤਾਂ ਵਿੱਚ ਮੁੜ ਵਾਧਾ ਕੀਤਾ ਗਿਆ ਸੀ।



# ਮਾਸੂਮ ਦਿਲਾਂ ਦੀ ਵੱਡੀ ਸੋਚ: ਤਪਦੀ ਗਰਮੀ ਵਿੱਚ ਪਿੰਡ ਟੌਂਸਾ ਦੇ ਬੱਚਿਆਂ ਨੇ ਲਗਾਈ ਠੰਢੇ-ਮਿੱਠੇ ਜਲ ਦੀ ਛਬੀਲ

**ਬਲਾਚੌਰ 26 ਮਈ (ਜਤਿੰਦਰ ਪਾਲ ਸਿੰਘ ਕਲੇਰ )** ਅਸਮਾਨੋਂ ਵਰ੍ਹਦੀ ਅੱਗ ਅਤੇ ਹੱਡ-ਭੰਨਵੀਂ ਗਰਮੀ ਦੇ ਇਸ ਕਹਿਰ ਦਰਮਿਆਨ, ਜਿੱਥੇ ਹਰ ਕੋਈ ਆਪਣੇ ਘਰਾਂ ਅੰਦਰ ਰਹਿਣ ਨੂੰ ਤਰਜੀਹ ਦੇ ਰਿਹਾ ਹੈ, ਉੱਥੇ ਹੀ ਪਿੰਡ ਟੌਂਸਾ ਦੇ ਛੋਟੇ-ਛੋਟੇ ਬੱਚਿਆਂ ਨੇ ਇਨਸਾਨੀਅਤ ਅਤੇ ਸੇਵਾ ਦੀ ਇੱਕ ਅਜਿਹੀ ਮਿਸਾਲ ਪੇਸ਼ ਕੀਤੀ ਹੈ ਜਿਸ ਨੇ ਸਭ ਦਾ ਦਿਲ ਜਿੱਤ ਲਿਆ। ਪਿੰਡ ਦੇ ਇਨ੍ਹਾਂ ਮਾਸੂਮ ਬੱਚਿਆਂ ਦੁਆਰਾ ਆਉਣ-ਜਾਣ ਵਾਲੇ ਰਾਹਗੀਰਾਂ ਦੀ ਪਿਆਸ ਬੁਝਾਉਣ ਲਈ ਠੰਢੇ-ਮਿੱਠੇ ਜਲ ਦੀ ਛਬੀਲ ਲਗਾਈ ਗਈ। ਦੁਪਹਿਰ ਦੀ ਤਪਦੀ ਧੁੱਪ ਵਿੱਚ ਲਗਾਈ ਗਈ ਇਸ ਛਬੀਲ ਦੌਰਾਨ ਬੱਚਿਆਂ ਵਿੱਚ ਭਾਰੀ ਉਤਸ਼ਾਹ ਦੇਖਣ ਨੂੰ ਮਿਲਿਆ। ਨਿੱਕੇ-ਨਿੱਕੇ ਹੱਥਾਂ ਨਾਲ ਬੱਚੇ ਹਰ ਲੰਘਣ ਵਾਲੇ ਮੋਟਰਸਾਈਕਲ, ਗੱਡੀ ਅਤੇ ਪੈਦਲ ਰਾਹਗੀਰ ਨੂੰ ਰੋਕ-ਰੋਕ ਕੇ ਬੜੇ ਪਿਆਰ ਅਤੇ ਸਤਿਕਾਰ ਨਾਲ ਠੰਢਾ ਜਲ ਛਕਾ ਰਹੇ ਸਨ। ਇਸ ਭਿਆਨਕ ਗਰਮੀ ਵਿੱਚ ਸਫ਼ਰ ਕਰ ਰਹੇ ਲੋਕਾਂ ਲਈ ਇਹ ਛਬੀਲ ਕਿਸੇ



ਵੱਡੀ ਰਾਹਤ ਤੋਂ ਘੱਟ ਨਹੀਂ ਸੀ। "ਸੇਵਾ ਦੀ ਕੋਈ ਉਮਰ ਨਹੀਂ ਹੁੰਦੀ, ਸਿਰਫ਼ ਇੱਕ ਵੱਡਾ ਦਿਲ ਚਾਹੀਦਾ ਹੈ।" ਪਿੰਡ ਟੌਂਸਾ ਦੇ ਇਨ੍ਹਾਂ ਬੱਚਿਆਂ ਨੇ ਇਹ ਸਾਬਤ ਕਰ ਦਿੱਤਾ ਹੈ ਕਿ ਸਮਾਜ ਭਲਾਈ ਅਤੇ ਸੇਵਾ ਭਾਵਨਾ ਲਈ ਉਮਰ ਨਹੀਂ, ਸਗੋਂ ਉੱਚੀ ਸੋਚ ਅਤੇ ਨੇਕ ਜਜ਼ਬੇ ਦੀ ਲੋੜ ਹੁੰਦੀ ਹੈ। ਅੱਜ-ਕੱਲ੍ਹ ਦੇ ਡਿਜੀਟਲ ਦੌਰ ਵਿੱਚ, ਜਿੱਥੇ ਅਕਸਰ ਬੱਚੇ ਵੀਡੀਓ ਗੇਮਾਂ ਅਤੇ ਮੋਬਾਈਲ ਫੋਨਾਂ ਵਿੱਚ ਰੁੱਝੇ ਰਹਿੰਦੇ ਹਨ, ਉੱਥੇ ਇਨ੍ਹਾਂ ਬੱਚਿਆਂ ਦਾ ਘਰਾਂ ਤੋਂ ਬਾਹਰ ਨਿਕਲ ਕੇ ਇਸ ਤਪਦੀ ਗਰਮੀ ਵਿੱਚ ਮਾਨਵਤਾ ਦੀ ਸੇਵਾ ਕਰਨਾ ਬੇਹੱਦ ਸ਼ਲਾਘਾਯੋਗ ਹੈ। ਇਹ ਬੱਚੇ ਸਾਡੇ ਸਮਾਜ ਦਾ ਸੁਨਹਿਰੀ ਭਵਿੱਖ ਹਨ। ਇਨ੍ਹਾਂ ਦੇ ਮਨਾਂ ਵਿੱਚ ਦੂਜਿਆਂ ਪ੍ਰਤੀ ਹਮਦਰਦੀ ਅਤੇ ਸੇਵਾ ਦੀ ਜੋ ਭਾਵਨਾ ਅੱਜ ਦਿਖਾਈ ਦਿੱਤੀ ਹੈ, ਉਹ ਸਾਨੂੰ ਇਹ ਉਮੀਦ ਦਿੰਦੀ ਹੈ ਕਿ ਸਾਡਾ ਆਉਣ ਵਾਲਾ ਸਮਾਜ ਬਹੁਤ ਸੰਵੇਦਨਸ਼ੀਲ ਅਤੇ ਸੁੰਦਰ ਹੋਵੇਗਾ। ਇਨ੍ਹਾਂ ਬੱਚਿਆਂ ਦੇ ਮਾਪੇ ਅਤੇ ਪਿੰਡ ਵਾਸੀ ਵੀ ਵਧਾਈ ਦੇ ਪਾਤਰ ਹਨ, ਜਿਨ੍ਹਾਂ ਨੇ ਬੱਚਿਆਂ ਨੂੰ ਅਜਿਹੇ ਸੰਸਕਾਰ ਦਿੱਤੇ ਰਾਹਗੀਰਾਂ ਅਤੇ ਪਿੰਡ ਦੇ ਪਤਵੰਤੇ ਸੱਜਣਾਂ ਨੇ ਬੱਚਿਆਂ ਦੇ ਇਸ ਉਪਰਾਲੇ ਦੀ ਹਾਰਦਿਕ ਪ੍ਰਸ਼ੰਸਾ ਕੀਤੀ ਅਤੇ ਬੱਚਿਆਂ ਨੂੰ ਅਸੀਸਾਂ ਦੇ ਕੇ ਉਨ੍ਹਾਂ ਦਾ ਹੌਸਲਾ ਵਧਾਇਆ। ਪਿੰਡ ਵਾਸੀਆਂ ਦਾ ਕਹਿਣਾ ਸੀ ਕਿ ਇਨ੍ਹਾਂ ਨਿੱਕੇ ਬੱਚਿਆਂ ਨੇ ਅੱਜ ਵੱਡਿਆਂ ਨੂੰ ਵੀ ਸੇਵਾ ਦਾ ਮਾਰਗ ਦਿਖਾਇਆ ਹੈ।

# ਮੇਰਾ ਘਰ, ਮੇਰਾ ਹੱਕ' ਯੋਜਨਾ: ਪਿੰਡ ਰੈਲ ਮਾਜਰਾ ਵਿਖੇ ਲਾਲ ਲਕੀਰ ਅੰਦਰਲੇ ਘਰਾਂ ਦੇ ਮਾਲਕਾਨਾ ਹੱਕਾਂ ਲਈ ਮਾਲ ਮਹਿਕਮੇ ਵੱਲੋਂ ਸਰਵੇ ਸ਼ੁਰੂ

**ਬਲਾਚੌਰ, 26 ਮਈ (ਜਤਿੰਦਰ ਪਾਲ ਸਿੰਘ ਕਲੇਰ** )ਪੰਜਾਬ ਸਰਕਾਰ ਵੱਲੋਂ ਪਿੰਡਾਂ ਦੇ ਲੋਕਾਂ ਨੂੰ ਉਨ੍ਹਾਂ ਦੇ ਘਰਾਂ ਦੇ ਅਸਲ ਮਾਲਕਾਨਾ ਹੱਕ ਦਿਵਾਉਣ ਲਈ ਸ਼ੁਰੂ ਕੀਤੀ ਗਈ ਵਿਸ਼ੇਸ਼ ਮੁਹਿੰਮ 'ਮੇਰਾ ਘਰ, ਮੇਰਾ ਹੱਕ' ਤਹਿਤ ਅੱਜ ਪਿੰਡ ਰੈਲ ਮਾਜਰਾ ਵਿਖੇ ਮਾਲ ਮਹਿਕਮੇ ਦੀ ਟੀਮ ਵੱਲੋਂ ਵਿਸ਼ੇਸ਼ ਸਰਵੇਖਣ ਕੀਤਾ ਗਿਆ। ਇਸ ਸਰਵੇ ਦੌਰਾਨ ਮਾਲ ਮਹਿਕਮੇ ਦੇ ਉੱਚ ਅਧਿਕਾਰੀਆਂ ਅਤੇ ਪਟਵਾਰੀਆਂ ਦੀ ਅਗਵਾਈ ਵਿੱਚ ਪਿੰਡ ਦੀ 'ਲਾਲ ਲਕੀਰ' ਦੇ ਅੰਦਰ ਆਉਂਦੇ ਘਰਾਂ ਦੀ ਨਿਸ਼ਾਨਦੇਹੀ ਅਤੇ ਡਰੋਨ/ਡਿਜੀਟਲ ਮੈਪਿੰਗ ਪ੍ਰਕਿਰਿਆ ਨੂੰ ਅੱਗੇ



ਵਧਾਇਆ ਗਿਆ। ਇਸ ਮੌਕੇ ਮਾਲ ਮਹਿਕਮੇ ਦੇ ਅਧਿਕਾਰੀਆਂ ਨੇ ਦੱਸਿਆ ਕਿ ਇਸ ਸਰਵੇ ਦਾ ਮੁੱਖ ਮਕਸਦ ਸਾਲਾਂ ਤੋਂ ਲਾਲ ਲਕੀਰ ਅੰਦਰ ਰਹਿ ਰਹੇ ਗਰੀਬ ਅਤੇ ਲੋੜਵੰਦ ਪਰਿਵਾਰਾਂ ਨੂੰ ਉਨ੍ਹਾਂ ਦੀ ਜਾਇਦਾਦ ਦੇ ਕਾਨੂੰਨੀ ਦਸਤਾਵੇਜ਼ ਮੁਹੱਈਆ ਕਰਵਾਉਣਾ ਹੈ।"ਇਸ ਯੋਜਨਾ ਦੇ ਮੁਕੰਮਲ ਹੋਣ ਨਾਲ ਪਿੰਡ ਵਾਸੀਆਂ ਨੂੰ ਉਨ੍ਹਾਂ ਦੇ ਘਰਾਂ ਦਾ ਮਾਲਕਾਨਾ ਹੱਕ ਮਿਲੇਗਾ, ਜਿਸ ਨਾਲ ਉਹ ਆਪਣੇ ਘਰਾਂ 'ਤੇ ਬੈਂਕ ਲੋਨ ਲੈ ਸਕਣਗੇ ਅਤੇ ਜਗ੍ਹਾ ਸਬੰਧੀ ਚੱਲਦੇ ਆਪਸੀ ਝਗੜਿਆਂ ਦਾ ਵੀ ਹਮੇਸ਼ਾ ਲਈ ਖ਼ਾਤਮਾ ਹੋਵੇਗਾ।"ਇਸ ਸਰਵੇਖਣ ਦੌਰਾਨ ਮਾਲ ਮਹਿਕਮੇ ਦੀ ਟੀਮ ਨੂੰ ਪਿੰਡ ਵਾਸੀਆਂ ਵੱਲੋਂ ਪੂਰਨ ਸਹਿਯੋਗ ਦਿੱਤਾ ਗਿਆ। ਇਸ ਮੌਕੇ ਸਾਬਕਾ ਸਰਪੰਚ ਦੌਲਤ ਰਾਮ, ਨੰਬਰਦਾਰ ਰਾਜ ਕੁਮਾਰ, ਪਟਵਾਰੀ ਮਨਿੰਦਰ ਸਿੰਘ, ਸਮਾਜਸੇਵੀ ਸੱਤਪਾਲ ਸੰਧੂ, ਸੁਖਵਿੰਦਰ ਬਿੰਦੀ, ਰਛਪਾਲ ਸਿੰਘ, ਕੁਲਦੀਪ ਸਿੰਘ, ਮਾਸਟਰ ਸ਼ੇਰ ਜੰਗ ਰਾਣਾ, ਪ੍ਰਵੀਨ ਕੁਮਾਰ, ਚੌਕੀਦਾਰ ਸੁਰਜੀਤ ਸਿੰਘ, ਮਦਨ ਲਾਲ ਅਤੇ ਵੱਡੀ ਗਿਣਤੀ ਵਿੱਚ ਪਿੰਡ ਵਾਸੀ ਮੌਜੂਦ ਸਨ। ਹਾਜ਼ਰ ਪਤਵੰਤੇ ਸੱਜਣਾਂ ਅਤੇ ਪੰਚਾਇਤ ਮੈਂਬਰਾਂ ਨੇ ਪੰਜਾਬ ਸਰਕਾਰ ਦੇ ਇਸ ਲੋਕ-ਪੱਖੀ ਉਪਰਾਲੇ ਦੀ ਭਰਪੂਰ ਸ਼ਲਾਘਾ ਕੀਤੀ।

## ਸੰਤ ਦਰਸ਼ਨ ਸਿੰਘ ਜੀ ਮਹਾਰਾਜ ਦੀ ਯਾਦ ਵਿੱਚ ਕਿਰਪਾਲ ਆਸ਼ਰਮ ਗੜ੍ਹੀ ਕਾਨੂੰਗੋ ਵਿਖੇ ਲਗਾਇਆ ਖ਼ੂਨਦਾਨ ਕੈਂਪ



**ਬਲਾਚੌਰ (ਜਤਿੰਦਰ ਪਾਲ ਸਿੰਘ ਕਲੇਰ** )ਸਾਵਨ ਕਿਰਪਾਲ ਰੂਹਾਨੀ ਮਿਸ਼ਨ ਦੀ ਸਥਾਨਕ ਸ਼ਾਖਾ ਕਿਰਪਾਲ ਆਸ਼ਰਮ, ਗੜੀ ਕਾਨੂੰਗੋਆਂ ਵੱਲੋਂ ਦਿਆਲ ਪੁਰਸ਼ ਸੰਤ ਦਰਸ਼ਨ ਸਿੰਘ ਜੀ ਮਹਾਰਾਜ ਦੀ ਪਵਿੱਤਰ ਯਾਦ ਵਿੱਚ ਇੱਕ ਵਿਸ਼ਾਲ ਖ਼ੂਨਦਾਨ ਕੈਂਪ ਲਗਾਇਆ ਗਿਆ। ਇਹ ਕੈਂਪ ਸੰਤ ਗੁਰਮੇਲ ਸਿੰਘ ਚੈਰੀਟੇਬਲ ਹੋਸਪਿਟਲ ਦੇ ਸਹਿਯੋਗ ਨਾਲ ਡਾ ਬਜਰੰਗ ਗੋਸਾਮੀ ਦੀ ਦੇਖਰੇਖ ਹੇਠ ਸਫਲਤਾਪੂਰਵਕ ਨੇਪਰੇ ਚੜ੍ਹਿਆ, ਜਿਸ ਵਿੱਚ 24 ਦਾਨੀ ਸੱਜਣਾਂ ਨੇ ਸਵੈ-ਇੱਛਾ ਨਾਲ ਖ਼ੂਨਦਾਨ ਕੀਤਾ। ਆਸ਼ਰਮ ਦੇ ਜਨਰਲ ਸਕੱਤਰ ਪਰਮਜੀਤ ਸਿੰਘ ਨੇ ਪ੍ਰੈਸ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕਿ 18 ਤੋਂ 60 ਸਾਲ ਤੱਕ ਦਾ ਕੋਈ ਵੀ ਸਿਹਤਮੰਦ ਵਿਅਕਤੀ ਖ਼ੂਨਦਾਨ ਕਰ ਸਕਦਾ ਹੈ। ਇਸ ਨਾਲ ਸਰੀਰ ਵਿੱਚ ਕੋਈ ਕਮਜ਼ੋਰੀ ਨਹੀਂ ਆਉਂਦੀ, ਬਲਕਿ ਦਿਲ ਦਾ ਦੌਰਾ ਅਤੇ ਕੈਂਸਰ ਵਰਗੀਆਂ ਘਾਤਕ ਬਿਮਾਰੀਆਂ ਦਾ ਖ਼ਤਰਾ ਘਟਦਾ ਹੈ। ਉਨ੍ਹਾਂ ਦੱਸਿਆ ਕਿ ਪਰਮ ਸੰਤ ਰਜਿੰਦਰ ਸਿੰਘ ਜੀ ਮਹਾਰਾਜ ਦੀ ਰਹਿਨੁਮਾਈ ਹੇਠ ਮਿਸ਼ਨ ਵੱਲੋਂ ਦੇਸ਼-ਵਿਦੇਸ਼ ਵਿੱਚ ਮੁਫ਼ਤ ਮੋਤੀਆਬਿੰਦ ਆਪ੍ਰੇਸ਼ਨ, ਮੈਡੀਕਲ ਕੈਂਪ, ਵੋਕੇਸ਼ਨਲ ਕੋਰਸ ਅਤੇ ਕੁਦਰਤੀ ਆਫ਼ਤਾਂ ਸਮੇਂ ਰਾਹਤ ਸਮੱਗਰੀ ਵੰਡਣ ਵਰਗੇ ਅਨੇਕਾਂ ਨਿਸ਼ਕਾਮ ਭਲਾਈ ਕਾਰਜ ਕੀਤੇ ਜਾ ਰਹੇ ਹਨ।ਕੈਂਪ ਦੇ ਅਖੀਰ ਵਿੱਚ ਸੰਸਥਾ ਦੇ ਪ੍ਰਧਾਨ ਜਸਪਾਲ ਸਿੰਘ ਨੇ ਖ਼ੂਨਦਾਨ ਕਰਨ ਵਾਲੇ ਸਾਰੇ ਵੀਰਾਂ-ਭੈਣਾਂ ਦੀ ਸ਼ਲਾਘਾ ਕੀਤੀ ਅਤੇ ਆਈਆਂ ਹੋਈਆਂ ਸੰਗਤਾਂ ਦਾ ਦਿਲੋਂ ਧੰਨਵਾਦ ਕੀਤਾ। ਖ਼ੂਨਦਾਨੀਆਂ ਨੂੰ ਮਿਸ਼ਨ ਵੱਲੋਂ ਫਲ ਅਤੇ ਜੂਸ ਵੀ ਭੇਟ ਕੀਤੇ ਗਏ।

# ਮਲਟੀਪਰਪਜ ਹੈਲਥ ਇੰਪਲਾਈਜ਼ ਯੂਨੀਅਨ ਵੱਲੋਂ ਵੱਡੇ ਸੰਘਰਸ਼ ਦਾ ਐਲਾਨ

## 4 ਜੂਨ ਨੂੰ ਡਾਇਰੈਕਟਰ ਦਫਤਰ ਦਿੱਤਾ ਜਾਵੇਗਾ ਧਰਨਾ

**ਨਵਾਂਸ਼ਹਿਰ 26 ਮਈ (ਜਤਿੰਦਰ ਪਾਲ ਸਿੰਘ ਕਲੇਰ )** ਸਿਹਤ ਵਿਭਾਗ ਪੰਜਾਬ ਦੀ ਸਿਰਮੌਰ ਜਥੇਬੰਦੀ ਮਲਟੀਪਰਪਜ ਹੈਲਥ ਇੰਪਲਾਈਜ਼ ਯੂਨੀਅਨ ਪੰਜਾਬ ਵੱਲੋਂ ਸੀਨੀਅਰ ਮੀਤ ਪ੍ਰਧਾਨ ਦਲਜੀਤ ਸਿੰਘ ਤੇ ਉਪ ਪ੍ਰਧਾਨ ਮਨਿੰਦਰ ਸਿੰਘ ਦੀ ਅਗਵਾਈ ਹੇਠ ਕੇਡਰ ਦੀਆਂ ਲੰਬੇ ਸਮੇਂ ਤੋਂ ਲਟਕਦੀਆਂ ਆ ਰਹੀਆਂ ਮੰਗਾਂ ਨੂੰ ਨਾ ਮੰਨਣ ਦੇ ਰੋਸ ਵਜੋਂ ਸੂਬਾ ਸਰਕਾਰ ਖਿਲਾਫ ਆਰ ਪਾਰ ਦੀ ਲੜਾਈ ਸ਼ੁਰੂ ਕਰਨ ਦਾ ਐਲਾਨ ਕੀਤਾ ਗਿਆ ਹੈ ਜਿਸ ਸਬੰਧੀ ਜਿਲ੍ਹਾ ਇਕਾਈ ਨਵਾਂਸ਼ਹਿਰ ਵੱਲੋਂ ਸਿਵਲ ਸਰਜਨ ਡਾ. ਗੁਰਿੰਦਰਜੀਤ ਸਿੰਘ ਰਾਹੀਂ ਇਕ ਮੰਗ ਪੱਤਰ ਵੀ ਦਿੱਤਾ ਗਿਆ ਹੈ।ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਮਨਿੰਦਰ ਸਿੰਘ ਨੇ ਦੱਸਿਆ ਕਿ ਜਥੇਬੰਦੀ ਪਿਛਲੇ ਲੰਬੇ ਸਮੇਂ ਤੋਂ ਕੇਡਰ ਦੇ ਨਾਮ ਬਦਲੀ, ਵਰਦੀ ਭੱਤਾ, ਐਫਟੀਏ, ਡਾਈਟ, ਭੱਤਾ ਲਗਾਉਣ, ਪੁਰਾਣੀ ਪੈਨਸ਼ਨ ਬਹਾਲ ਕਰਨ, ਪੰਜਾਬ ਸਕੇਲ ਲਾਗੂ ਕਰਨ, ਨਵ ਨਿਯੁਕਤ ਸਿਹਤ ਕਾਮਿਆਂ ਦਾ ਪਰਖ ਕਾਲ ਸਮਾਂ ਘਟਾਉਣ, ਮਾਨਯੋਗ ਹਾਈਕੋਰਟ ਦੇ ਫੈਸਲੇ ਨੂੰ ਜਰਨਲਾਈਜ ਕਰਕੇ ਤਨਖਾਹ ਸਕੇਲ ਸੋਧਣ ਆਦਿ ਸਮੇਤ ਕਈ ਮੰਗਾਂ ਲਈ ਸਿਹਤ ਮੰਤਰੀ ਪੰਜਾਬ, ਮੁੱਖ ਮੰਤਰੀ ਪੰਜਾਬ ਦੇ ਓਐਸਡੀ ਅਤੇ ਸਿਹਤ ਡਾਇਰੈਕਟਰ ਪੰਜਾਬ ਨਾਲ ਕਈ ਵਾਰ ਮੀਟਿੰਗਾਂ ਕਰ ਚੁੱਕੀ ਹੈ ਪਰ ਵਾਰ-ਵਾਰ ਇਹਨਾਂ ਮੰਗਾਂ



'ਤੇ ਸਹਿਮਤੀ ਪ੍ਰਗਟਾਉਂਦੇ ਹੋਏ ਮੰਗਾਂ ਨੂੰ ਲਟਕਾਉਣ ਦੀ ਨੀਤੀ ਅਪਣਾਈ ਜਾ ਰਹੀ ਹੈ ਜੋ ਕਿ ਮੰਦਭਾਗੀ ਹੈ। ਉਹਨਾਂ ਕਿਹਾ ਕਿ ਜਥੇਬੰਦੀ ਹੁਣ ਵੱਡੇ ਸੰਘਰਸ਼ ਦੇ ਰਾਹ 'ਤੇ ਹੈ ਜਿਸ ਤਹਿਤ ਜਿਲਾ ਹੈਡਕੁਆਟਰਾਂ ਰਾਹੀਂ ਮੰਗ ਪੱਤਰ ਭੇਜੇ ਜਾਣਗੇ ਅਤੇ ਉਸ ਤੋਂ ਬਾਅਦ ਜੇਕਰ ਮੰਗਾਂ ਨਾ ਮੰਨੀਆਂ ਗਈਆਂ ਤਾਂ 4 ਜੂਨ ਨੂੰ ਡਾਇਰੈਕਟਰ ਸਿਹਤ ਅਤੇ ਪਰਿਵਾਰ ਭਲਾਈ ਵਿਭਾਗ ਪੰਜਾਬ ਦੇ ਦਫਤਰ ਅੱਗੇ ਸੂਬਾ ਪੱਧਰੀ ਰੋਸ ਧਰਨਾ ਦਿੱਤਾ ਜਾਵੇਗਾ। ਉਹਨਾਂ ਕਿਹਾ ਕਿ ਜਥੇਬੰਦੀ ਕਦੇ ਵੀ ਸੰਘਰਸ਼ ਤੋਂ ਪਿੱਛੇ ਨਹੀਂ ਹਟੀ ਤੇ ਹੁਣ ਵੀ ਡਟਵਾਂ ਸੰਘਰਸ਼ ਕੀਤਾ ਜਾਵੇਗਾ। ਇਸ ਮੌਕੇ ਦੋਆਬਾ ਜੋਨ ਦੇ ਪ੍ਰਧਾਨ ਗੁਲਸ਼ਨ ਕੁਮਾਰ, ਸਤੀਸ਼ ਕੁਮਾਰ, ਗੁਰਮੁਖ ਸਿੰਘ, ਪ੍ਰਵੀਨ ਕੁਮਾਰ, ਮਨਜੋਤ ਸਿੰਘ, ਬਲਵੰਤ ਸਿੰਘ ਰਵੀਇੰਦਰ ਸਿੰਘ, ਮੰਗਲ ਸਿੰਘ, ਸਚਦੀਪ ਸਿੰਘ,ਰਜੀਵ ਕੁਮਾਰ, ਰਜੇਸ਼ ਕੁਮਾਰ ਆਦਿ ਹਾਜ਼ਰ ਸਨ ।

The Samaj Weekly and people associated with it are not responsible for any claims made by the advisers and don't endorse any product or service advertising Samaj Weekly. Please consult your lawyer before buying hiring/contracting through the ads published in the newspaper. The Samaj Weekly is business of selling space and claims made by the advertisers are not tested/confirmed by any source.

# ਖੇੜੀ-ਝਮੇੜੀ ਸਕੂਲ ਵਿੱਚ 'ਸਕਰੀਨ ਬੁਖਾਰ' ਫਿਲਮ ਦੇ ਬਾਲ ਕਲਾਕਾਰ ਸਨਮਾਨਿਤ

## ਕੈਨੇਡਾ ਵਿਖੇ ਮਾਂ ਬੋਲੀ ਫਿਲਮ ਮੇਲੇ ਵਿੱਚ ਮਿਲਿਆ ਅਵਾਰਡ




ਸਕਰੀਨ ਬੁਖਾਰ' ਫਿਲਮ ਦੇ ਬਾਲ ਕਲਾਕਾਰਾਂ ਨੂੰ ਸਨਮਾਨਿਤ ਕਰਦੇ ਹੋਏ ਮੁੱਖ ਮਹਿਮਾਨ ਜੈਸਮੀਨ ਸਿੰਘ ਗਰੇਵਾਲ। ਨਾਲ਼ ਹਨ ਸ.ਗੁਰਦਰਸ਼ਨ ਸਿੰਘ ਮੁੱਖ ਅਧਿਆਪਕ, ਸ.ਕਰਮਜੀਤ ਸਿੰਘ ਗਰੇਵਾਲ ਤੇ ਹੋਰ ਅਧਿਆਪਕ।

**ਲੁਧਿਆਣਾ (ਕਰਨੈਲ ਸਿੰਘ ਐੱਮ.ਏ.)** ਕੈਨੇਡਾ ਵਿਖੇ 13ਵੇਂ ਅੰਤਰਰਾਸ਼ਟਰੀ ਮਾਂ ਬੋਲੀ ਫਿਲਮ ਮੇਲੇ ਵਿੱਚ ਲਘੂ ਫਿਲਮ 'ਸਕਰੀਨ ਬੁਖਾਰ' ਨੂੰ ਵਧੀਆ ਸਮਾਜਿਕ ਫਿਲਮ ਦਾ ਪੁਰਸਕਾਰ ਮਿਲਿਆ ਹੈ।ਇਹ ਫਿਲਮ ਸਰਕਾਰੀ ਹਾਈ ਸਕੂਲ ਖੇੜੀ-ਝਮੇੜੀ ਦੇ ਬਾਲ ਕਲਕਾਰਾਂ ਵੱਲੋਂ ਸ੍ਰ: ਕਰਮਜੀਤ ਸਿੰਘ ਗਰੇਵਾਲ ਦੀ ਨਿਰਦੇਸ਼ਨਾ ਹੇਠ ਤਿਆਰ ਕੀਤੀ ਗਈ। ਫਿਲਮ ਦੇ ਕਲਾਕਾਰਾਂ ਨੂੰ ਸਨਮਾਨ ਦੇਣ ਲਈ ਪੈਂਜੀ ਇਕਮਿੰਦਰ ਸਿੰਘ ਟ੍ਰਸਟ ਦੇ ਸੰਸਥਾਪਕ ਸ੍ਰ: ਜੈਸਮੀਨ ਸਿੰਘ ਗਰੇਵਾਲ ਮੁੱਖ ਮਹਿਮਾਨ ਵਜੋਂ ਪਹੁੰਚੇ। ਮੁੱਖ ਅਧਿਆਪਕ ਸ੍ਰ: ਗੁਰਦਰਸ਼ਨ ਸਿੰਘ ਨੇ ਉਹਨਾਂ ਦਾ ਸਵਾਗਤ ਕਰਦਿਆਂ ਵਿਦਿਆਰਥੀਆਂ ਵੱਲੋਂ ਬਣਾਈ ਲਘੂ ਫਿਲਮ ਬਾਰੇ ਅਤੇ ਸਕੂਲ ਦੀਆਂ ਬੇਮਿਸਾਲ ਪ੍ਰਾਪਤੀਆਂ ਬਾਰੇ ਦੱਸਿਆ। ਮੁੱਖ ਮਹਿਮਾਨ ਸ੍ਰ: ਜੈਸਮੀਨ ਸਿੰਘ ਗਰੇਵਾਲ ਨੇ ਵਿਦਿਆਰਥੀਆਂ ਦੇ ਰੂਬਰੂ ਹੁੰਦਿਆਂ ਆਖਿਆ ਕਿ ਇਹ ਫਿਲਮ ਸਮਾਜ ਲਈ ਬਹੁਤ ਵੱਡਾ ਸੁਨੇਹਾ ਹੈ। ਜਿਸ ਤਰ੍ਹਾਂ ਬੱਚੇ, ਜਵਾਨ ਤੇ ਵੱਡੇ ਮੋਬਾਈਲ ਦੇ ਅਤੇ ਸਕਰੀਨਾਂ ਦੇ ਆਦੀ ਹੋ ਚੁੱਕੇ ਹਨ ਇਸ ਤੋਂ ਦੇਖ ਕੇ ਲੱਗਦਾ ਹੈ ਕਿ ਇਸ ਆਦਤ ਨੂੰ ਛੁਡਾਉਣ ਲਈ ਸੈਂਟਰ ਖੋਲ੍ਹਣੇ ਪੈਣਗੇ। ਉਹਨਾਂ ਵਿਦਿਆਰਥੀਆਂ ਨੂੰ ਮਿਹਨਤ ਤੇ ਲਗਨ ਨਾਲ਼ ਅੱਗੇ ਵਧਣ ਦਾ ਸੁਨੇਹਾ ਦਿੱਤਾ ਅਤੇ ਆਪਣੇ ਜੀਵਨ ਦੀਆਂ ਪ੍ਰੇਰਨਾਮਈ ਗੱਲਾਂ ਸਾਂਝੀਆਂ ਕੀਤੀਆਂ ਕਿ ਉਹ ਵੀ ਸਰਕਾਰੀ ਸਕੂਲ ਵਿੱਚ ਪੜ੍ਹ ਕੇ ਨੇਵੀ ਵਿੱਚ ਵੱਡੇ ਮੁਕਾਮ ਤੇ ਪਹੁੰਚੇ। ਉਹਨਾਂ ਕਿਹਾ ਕਿ ਪੈਂਜੀ ਇਕਮਿੰਦਰ ਸਿੰਘ ਟ੍ਰਸਟ ਵੱਲੋਂ ਡਾਕਟਰ ਇਕਬਾਲ ਕੌਰ (ਪੰਜਾਬ ਖੇਡਾਂ ਦੀ ਹਰਫਨਮੌਲਾ) ਜੋ ਅੱਜਕੱਲ੍ਹ ਅਮਰੀਕਾ ਵਿੱਚ ਰਹਿ ਰਹੇ ਹਨ ਉਹ ਵੀ ਬੱਚਿਆਂ ਨੂੰ ਆ ਕੇ ਅਸ਼ੀਰਵਾਦ ਦੇਣਗੇ ਅਤੇ ਭਵਿੱਖ ਵਿੱਚ ਸਕੂਲ ਨੂੰ ਹਰ ਸੰਭਵ ਸਹਿਯੋਗ ਦਿੱਤਾ ਜਾਵੇਗਾ। ਫਿਲਮ ਦੇ ਬਾਲ ਕਲਾਕਾਰ ਹਰਲੀਨ ਖਾਨ, ਸਹਿਜ, ਮਨਜੋਤ ਕੌਰ, ਗੁਰਨੂਰ ਕੌਰ, ਮਨਜੋਤ ਕੌਰ, ਪਲਮੀਤ ਕੌਰ, ਸ਼ਾਹਿਦਾ ਪਰਵੀਨ, ਹਰਪ੍ਰੀਤ ਕੌਰ, ਅਧਿਆਪਕਾ ਸੁਪਰੀਤ ਸ਼ਰਮਾ ਅਤੇ ਮੁੱਖ ਅਧਿਆਪਕ ਸ੍ਰ: ਗੁਰਦਰਸ਼ਨ ਸਿੰਘ ਨੂੰ ਵੀ ਸਨਮਾਨਿਤ ਕੀਤਾ ਗਿਆ। ਇਸ ਮੌਕੇ ਹਾਜ਼ਰ ਸਕੂਲ ਅਧਿਆਪਕ ਸ਼੍ਰੀਮਤੀ ਕੁਲਵਿੰਦਰ ਕੌਰ, ਸੋਨੀਆ, ਗੀਤਿਕਾ, ਮਨਦੀਪ ਕੌਰ, ਭਾਨੂੰ, ਸਿਮਰਪ੍ਰੀਤ ਕੌਰ, ਉਪਿੰਦਰ ਕੌਰ, ਸੁਮਨ ਬਾਲਾ ਨੇ ਵੀ ਵਿਦਿਆਰਥੀਆਂ ਨੂੰ ਮੁਬਾਰਕਾਂ ਦਿੱਤੀਆਂ।

# ਜਥੇਦਾਰ ਦਾਦੂਵਾਲ ਜੀ ਨੇ ਆਪਣੇ ਟ੍ਰਸਟ ਵੱਲੋਂ ਹਰਿਆਣਾ ਕਮੇਟੀ ਨੂੰ ਸੌਂਪਿਆ 10 ਲੱਖ ਦਾ ਚੈੱਕ ਅਤੇ ਵਿੱਦਿਆ ਖੇਡਾਂ ਦੇ ਖੇਤਰ ਵਿੱਚ ਮੱਲਾਂ ਮਾਰਨ ਵਾਲੇ ਬੱਚਿਆਂ ਦਾ ਕੀਤਾ ਸਨਮਾਨ

## ਸਰਕਾਰੀ ਸਕੂਲ ਪਿੰਡ ਦਾਦੂ ਸਾਹਿਬ ਨੂੰ ਕੀਤਾ ਕੰਪਿਊਟਰ ਸੈਟ ਭੇਂਟ





**ਲੁਧਿਆਣਾ/ ਸਿਰਸਾ (ਕਰਨੈਲ ਸਿੰਘ ਐੱਮ.ਏ.)** ਗੁਰਦੁਆਰਾ ਗੁਰੂ ਗ੍ਰੰਥਸਰ ਦਾਦੂ ਸਾਹਿਬ ਸਿਰਸਾ ਹਰਿਆਣਾ ਵਿਖੇ 24 ਮਈ ਨੂੰ ਕੀਤੇ ਗਏ ਵਿਸ਼ੇਸ਼ ਸ਼ੁਕਰਾਨਾ ਸਮਾਗਮ ਵਿੱਚ ਪੰਥ ਪ੍ਰਸਿੱਧ ਸਿੱਖ ਪ੍ਰਚਾਰਕ ਅੰਬੈਸਡਰ ਫਾਰ ਪੀਸ ਜਥੇਦਾਰ ਬਲਜੀਤ ਸਿੰਘ ਦਾਦੂਵਾਲ ਜੀ ਚੇਅਰਮੈਨ ਧਰਮ ਪ੍ਰਚਾਰ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਆਪਣੇ ਸੁੱਖ ਸੇਵਾ ਸਿਮਰਨ ਟ੍ਰਸਟ (ਰਜਿ:) ਵੱਲੋਂ ਵਿੱਦਿਆ ਤੇ ਖੇਡਾਂ ਦੇ ਖੇਤਰ ਵਿੱਚ ਮੱਲਾਂ ਮਾਰਨ ਵਾਲੇ ਬੱਚੇ ਬੱਚੀਆਂ ਦਾ ਹੌਂਸਲਾ ਅਫਜ਼ਾਈ ਕਰਨ ਵਾਸਤੇ ਨਕਦ ਰਾਸ਼ੀ ਦੇ ਕੇ ਵਿਸ਼ੇਸ਼ ਸਨਮਾਨ ਕੀਤਾ ਗਿਆ । ਇਸ ਦੇ ਨਾਲ ਹੀ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਗੁਰੂ ਕੇ ਲੰਗਰ ਦੀ ਸੇਵਾ ਵਿੱਚ ਜੋ 12 ਅਪ੍ਰੈਲ ਨੂੰ ਗੁਰਦੁਆਰਾ ਦਾਦੂ ਸਾਹਿਬ ਵਿਖੇ ਪੰਥਕ ਇਕੱਤਰਤਾ ਵਿੱਚ 10 ਲੱਖ ਰੁਪਏ ਹਰਿਆਣਾ ਕਮੇਟੀ ਨੂੰ ਗੁਰੂ ਕੇ ਲੰਗਰ ਸੇਵਾ ਲਈ ਭੇਂਟ ਕਰਨ ਦਾ ਐਲਾਨ ਕੀਤਾ ਸੀ, ਦਾ ਚੈੱਕ ਕਮੇਟੀ ਦੇ ਅਹੁਦੇਦਾਰ ਮੈਂਬਰ ਸਾਹਿਬਾਨਾਂ ਨੂੰ ਭੇਂਟ ਕੀਤਾ ਗਿਆ । ਜਥੇਦਾਰ ਦਾਦੂਵਾਲ ਜੀ ਦੇ ਸਹਾਇਕ ਭਾਈ ਜਗਮੀਤ ਸਿੰਘ ਬਰਾੜ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਜਥੇਦਾਰ ਦਾਦੂਵਾਲ ਜੀ ਆਪਣੇ ਸੁੱਖ ਸੇਵਾ ਸਿਮਰਨ ਟ੍ਰਸਟ ਵੱਲੋਂ ਲੋੜਵੰਦ ਪਰਿਵਾਰਾਂ ਦੀਆਂ ਬੱਚੀਆਂ ਦੇ ਵਿਆਹ, ਬਿਮਾਰਾਂ ਦਾ ਇਲਾਜ, ਲੋੜਵੰਦ ਸਕੂਲੀ ਬੱਚਿਆਂ ਦੀਆਂ ਫੀਸਾਂ ਭਰਨ ਦੇ ਕਾਰਜ ਹਮੇਸ਼ਾਂ ਕਰਦੇ ਰਹਿੰਦੇ ਹਨ ਅਤੇ ਹੁਣ ਉਹਨਾਂ ਨੇ ਵਿੱਦਿਆ, ਖੇਡਾਂ ਦੇ ਖੇਤਰ ਵਿੱਚ ਮੱਲਾਂ ਮਾਰਨ ਵਾਲੇ ਬੱਚਿਆਂ ਨੂੰ ਵੀ ਵਿਸ਼ੇਸ਼ ਸਨਮਾਨ ਦਿੱਤਾ ਹੈ । ਕੋਚ ਅਧਿਆਪਕ ਰਾਜਪਾਲ ਸਿੰਘ ਲੱਕੜਾਵਾਲੀ ਵੱਲੋਂ ਤਿਆਰ ਕੀਤੀ ਲੜਕੀਆਂ ਦੀ ਕਬੱਡੀ ਟੀਮ ਜਿਸ ਨੇ ਪਿਛਲੇ ਦਿਨੀਂ ਫ਼ਿਰੋਜ਼ਪੁਰ ਤੋਂ ਕਬੱਡੀ ਕੱਪ ਜਿੱਤਿਆ ਅਤੇ ਪੰਜਾਬ ਵਿੱਚੋਂ ਵੀ ਦੋ ਵਾਰ ਗੋਲਡ ਮੈਡਲ ਜਿੱਤਣਾ ਕੀਤਾ ਸੀ, ਜਥੇਦਾਰ ਦਾਦੂਵਾਲ ਜੀ ਨੇ ਕੋਚ ਰਾਜਪਾਲ ਸਮੇਤ 12 ਬੱਚੀਆਂ ਨੂੰ ਪੰਜ-ਪੰਜ ਕਿੱਲੋ ਬਦਾਮਾਂ ਦੀਆਂ ਟੋਕਰੀਆਂ ਭੇਂਟ ਕੀਤੀਆਂ । ਇਸ ਦੇ ਨਾਲ ਹੀ ਪਿੰਡ ਦਾਦੂ ਸਾਹਿਬ ਦੇ ਸਰਕਾਰੀ ਸਕੂਲ ਵਿੱਚ ਦਸਵੀਂ ਕਲਾਸ 'ਚੋਂ 92% ਨੰਬਰ ਲੈ ਕੇ ਅੱਵਲ ਆਈ ਬੱਚੀ ਰੁਪਿੰਦਰਜੀਤ ਕੌਰ ਪਿੰਡ ਦਾਦੂ ਸਾਹਿਬ ਅਤੇ ਪਲੱਸ ਟੂ ਵਿੱਚੋਂ 87% ਨੰਬਰ ਲੈ ਕੇ ਅੱਵਲ ਰਹਿਣ ਵਾਲੀ ਪਿੰਡ ਦਾਦੂ ਸਾਹਿਬ ਦੀ ਬੱਚੀ ਰਮਨਦੀਪ ਕੌਰ ਅਤੇ ਪਿੰਡ ਤਿਲੋਕੇਵਾਲਾ ਦੀ ਬੱਚੀ ਪਰਵਿੰਦਰ ਕੌਰ ਜੋ ਗੱਤਕੇ ਵਿੱਚ ਗੋਲਡ ਮੈਡਲ ਜਿੱਤੀ ਹੈ, ਨੂੰ 2100-2100 ਰੁਪਏ ਦੇ ਵਿਸ਼ੇਸ਼ ਇਨਾਮ ਦਿੱਤੇ । ਇਸ ਦੇ ਨਾਲ ਹੀ ਸਰਕਾਰੀ ਸਕੂਲ ਦਾਦੂ ਸਾਹਿਬ ਦੇ ਪ੍ਰਿੰਸੀਪਲ ਡਾਕਟਰ ਵਿਨੋਦ ਪ੍ਰਕਾਸ਼, ਪਿੰਡ ਝੋਰੜ ਰੋਹੀ ਦੇ ਪ੍ਰਿੰਸੀਪਲ ਮਨੋਜ ਕੁਮਾਰ, ਅਧਿਆਪਕ ਅਵਤਾਰ ਸਿੰਘ, ਅਧਿਆਪਕ ਕੁਲਵਿੰਦਰ ਸਿੰਘ ਸਮੇਤ ਸਮੂਹ ਅਧਿਆਪਕਾਂ ਨੂੰ ਸਿਰੋਪਾਉ ਭੇਂਟ ਕਰਕੇ ਵਿਸ਼ੇਸ਼ ਸਨਮਾਨ ਕੀਤਾ ਅਤੇ ਸਰਕਾਰੀ ਸਕੂਲ ਪਿੰਡ ਦਾਦੂ ਸਾਹਿਬ ਲਈ ਇੱਕ ਕੰਪਿਊਟਰ ਸੈਟ ਭੇਂਟ ਕੀਤਾ । ਭਾਈ ਬਰਾੜ ਨੇ ਦੱਸਿਆ ਕਿ ਜਥੇਦਾਰ ਦਾਦੂਵਾਲ ਜੀ ਵੱਲੋਂ ਬੱਚੇ ਬੱਚੀਆਂ ਨੂੰ ਧਰਮ, ਖੇਡਾਂ ਅਤੇ ਪੜ੍ਹਾਈ-ਲਿਖਾਈ ਵੱਲ ਪ੍ਰੇਰਿਤ ਕਰਨ ਵਾਸਤੇ ਹੌਸਲਾ ਅਫਜ਼ਾਈ ਲਈ ਵੱਡੇ ਕਾਰਜ ਕੀਤੇ ਜਾਂਦੇ ਹਨ।

# ਪਿੰਡ ਮੱਲ੍ਹਾ 'ਚ ਚੋਰਾਂ ਨੇ ਐਨਆਰਆਈ ਦੇ ਘਰ ਨੂੰ ਬਣਾਇਆ ਨਿਸ਼ਾਨਾ

**ਰਾਏਕੋਟ - ਮਈ ( ਗੁਰਭਿੰਦਰ ਗੁਰੀ )** ਬੀਤੀ ਰਾਤ ਚੋਰਾ ਵੱਲੋ ਪਿੰਡ ਮੱਲ੍ਹਾ ਦੇ ਇੱਕ ਐਨਆਰਆਈ ਦੇ ਘਰ ਨੂੰ ਨਿਸਾਨਾ ਬਣਾਇਆ ਗਿਆ ਇਸ ਸਬੰਧੀ ਘਰ ਦੀ ਦੇਖ-ਭਾਲ ਕਰ ਰਹੇ ਮਨਜੀਤ ਸਿੰਘ ਉਰਫ ਭੋਲਾ ਨੇ ਜਾਣਕਾਰੀ ਦਿੰਦਿਆ ਦੱਸਿਆ ਕਿ ਜਸਮਨਦੀਪ ਸਿੰਘ ਪੁੱਤਰ ਸਵ:ਜਸਪਾਲ ਸਿੰਘ (ਪੱਕੇ ਵਾਲੇ)ਜੋ ਪਿਛਲੇ 40 ਸਾਲਾ ਤੋ ਕੈਨੇਡਾ ਵਿਖੇ ਰਹਿ ਰਹੇ ਹਨ ਅਤੇ ਹਰ ਸਾਲ ਸਰਦੀ ਦੇ ਮੌਸਮ ਵਿਚ ਪਿੰਡ ਮੱਲ੍ਹਾ ਵਿਖੇ ਆਪਣੇ ਘਰ ਆਉਦੇ ਹਨ।ਮਨਜੀਤ ਸਿੰਘ ਨੇ ਦੱਸਿਆ ਕਿ ਬੀਤੀ ਸਾਮ ਉਹ ਘਰ ਵਿਚ ਲੱਗੇ ਬੂਟਿਆ ਨੂੰ ਪਾਣੀ ਲਗਾ ਕੇ ਗਏ ਸਨ ਅਤੇ ਅੱਜ ਜਦੋ ਸਵੇਰੇ ਘਰ ਆ ਕੇ ਦੇਖਿਆ ਤਾਂ ਘਰ ਵਿਚ ਲੱਗੀਆ 40 ਟੂਟੀਆ ਚੋਰੀ ਹੋ ਗਈਆ ਅਤੇ ਘਰ ਦਾ ਸਮਾਨ ਦੀ ਖਿਲਾਰਿਆ ਪਿਆ ਸੀ।ਉਨ੍ਹਾ ਦੱਸਿਆ ਕਿ ਘਰ ਦੇ ਤਿੰਨ ਬਾਥਰੂਮਾ ਦੀਆ ਟੂਟੀਆ,ਘਰ ਦੇ ਵਿਹੜੇ ਦੀਆ ਟੂਟੀਆ ਅਤੇ ਇੱਕ ਰਸੋਈ ਦੀਆ ਟੂਟੀਆ ਚੋਰਾ ਨੇ ਚੋਰੀ ਕਰ ਲਈਆ ਹਨ ਅਤੇ ਹੋਰ ਘਰ ਦੀਆ ਗਰਿੱਲਾ ਅਤੇ ਵਾਸਵਿਸਲਾ (ਸੈਖਾ) ਦੀ ਭੰਨਤੋੜ ਕੀਤੀ ਗਈ ਹੈ।ਉਨ੍ਹਾ ਦੱਸਿਆ ਕਿ ਇਸ ਚੋਰੀ ਵਿਚ ਲਗਭਗ ਇੱਕ ਲੱਖ ਰੁਪਏ ਦਾ ਨੁਕਸਾਨ ਹੋਇਆ ਹੈ।ਇਸ ਚੋਰੀ ਦੀ ਸੂਚਨਾ ਉਨ੍ਹਾ ਪੁਲਿਸ ਥਾਣਾ ਹਠੂਰ ਨੂੰ ਦੇ ਦਿੱਤੀ ਹੈ।ਇਸ ਮੌਕੇ ਸਰਪੰਚ ਗੁਰਮੇਲ ਸਿੰਘ ਮੱਲ੍ਹਾ,ਪੰਚ ਗੁਰਚਰਨ ਸਿੰਘ ਚੰਨਾ,ਯੂਥ ਆਗੂ ਸਤਨਾਮ ਸਿੰਘ ਸਰਾਂ,ਭੋਲਾ ਸਿੰਘ,ਗਗਨਦੀਪ ਸਿੰਘ ਸਿੱਧੂ,ਅਵਤਾਰ ਸਿੰਘ ਸਿੱਧੂ,ਇੰਦਰਪਾਲ ਸਿੰਘ,ਅਰਸਪ੍ਰੀਤ ਸਿੰਘ ਸਿੱਧੂ,ਪੰਚ ਬਿੱਕਰ ਸਿੰਘ,ਪੰਚ ਨਛੱਤਰ ਸਿੰਘ,ਹਰਮਿੰਦਰ ਸਿੰਘ ਖਾਲਸਾ,ਦਲਜੀਤ ਸਿੰਘ ਆਦਿ ਨੇ ਪੁਲਿਸ ਪ੍ਰਸਾਸਨ ਤੋ ਮੰਗ ਕੀਤੀ ਕਿ ਚੋਰਾ ਖਿਲਾਫ ਸਖਤ ਕਾਨੂੰਨੀ ਕਾਰਵਾਈ ਕੀਤੀ ਜਾਵੇ।ਇਸ ਸਬੰਧੀ ਜਦੋ ਤਫਤੀਸ ਕਰ ਰਹੇ ਥਾਣਾ ਹਠੂਰ ਦੇ ਏਐਸਆਈ ਕੁਲਵੰਤ ਸਿੰਘ ਨਾਲ ਸੰਪਰਕ ਕੀਤਾ ਤਾਂ ਉਨ੍ਹਾ ਕਿਹਾ ਕਿ ਪਿੰਡ ਮੱਲ੍ਹਾ ਵਿਚ ਲੱਗੇ ਸੀਸੀਟੀਵੀ ਕੈਮਰੇ ਖੰਗਾਲੇ ਜਾ ਰਹੇ ਹਨ ਜੋ ਵੀ ਦੋਸੀ ਪਾਇਆ ਗਿਆ ਉਸ ਖਿਲਾਫ ਸਖਤ ਕਾਰਵਾਈ ਕੀਤੀ ਜਾਵੇਗੀ।



ਥਾਣਾ ਹਠੂਰ ਦੇ ਏਐਸਆਈ ਕੁਲਵੰਤ ਸਿੰਘ ਚੋਰੀ ਸਬੰਧੀ ਤਫਤੀਸ ਕਰਦੇ ਹੋਏ ਨਾਲ ਗ੍ਰਾਮ ਪੰਚਾਇਤ ਮੱਲ੍ਹਾ।

# ਵਿਧਵਾ ਨੂੰਹ ਨੂੰ ਸੱਸ ਸਹੁਰੇ ਨਨਾਣ, ਨੰਦੋਈ ਵੱਲੋਂ ਤੰਗ-ਪ੍ਰੇਸ਼ਾਨ ਕੀਤੇ ਜਾਣ ਤੇ ਕਲੋਨੀ ਵਾਸੀਆਂ ਨੇ ਕੀਤੀ ਇੱਕ ਪ੍ਰੈਸ ਕਾਨਫਰੰਸ

**ਲੁਧਿਆਣਾ 26 ਮਈ (ਕਰਨੈਲ ਸਿੰਘ ਐੱਮ.ਏ.)** ਅਰਬਨ ਅਸਟੇਟ ਵੈਲਫੇਅਰ ਸੋਸਾਇਟੀ ਦੇ ਮੈਂਬਰਾਂ ਨੇ ਚੰਡੀਗੜ੍ਹ ਰੋਡ, ਅਰਬਨ ਅਸਟੇਟ, ਫੇਜ਼-2 ਦੇ ਮੁੱਖ ਪਾਰਕ ਵਿੱਚ ਇੱਕ ਪ੍ਰੈਸ ਕਾਨਫਰੰਸ ਕੀਤੀ। ਇਹ ਪ੍ਰੈਸ ਕਾਨਫਰੰਸ ਇੱਕ ਵਿਧਵਾ ਨੂੰਹ ਨੂੰ ਉਸਦੇ ਸੱਸ, ਸਹੁਰੇ, ਨਨਾਣ, ਨੰਦੋਈ ਤੋਂ ਇਨਸਾਫ਼ ਮੰਗਣ ਲਈ ਕੀਤੀ ਗਈ ਸੀ। ਪ੍ਰੈਸ ਕਾਨਫਰੰਸ ਵਿੱਚ, ਸੁਸਾਇਟੀ ਦੇ ਪ੍ਰਧਾਨ ਅਮਰੀਕ ਸਿੰਘ ਮਾਰਸ਼ਲ ਨੇ ਦੱਸਿਆ ਕਿ ਉਨ੍ਹਾਂ ਦੀ ਕਲੋਨੀ ਦੀ ਵਸਨੀਕ ਨਮਿਤਾ ਕਪੂਰ ਦੇ ਪਤੀ ਦੀ ਮੌਤ 2022 ਵਿੱਚ ਹੋ ਗਈ ਸੀ। ਉਸਦੇ ਪਤੀ ਦੀ ਮੌਤ ਤੋਂ ਬਾਅਦ, ਉਸਦੇ, ਸੱਸ, ਸਹੁਰੇ, ਨਨਾਣ ਅਤੇ ਨੰਦੋਈ ਨੇ ਉਸਨੂੰ ਮਾਨਸਿਕ ਤੌਰ 'ਤੇ ਪ੍ਰੇਸ਼ਾਨ ਕਰਨਾ ਸ਼ੁਰੂ ਕਰ ਦਿੱਤਾ। ਪਿਛਲੇ ਚਾਰ ਸਾਲਾਂ ਤੋਂ, ਨਮਿਤਾ ਕਪੂਰ ਆਪਣਾ ਅਤੇ ਆਪਣੀਆਂ ਦੋ ਧੀਆਂ ਦਾ ਪਾਲਣ-ਪੋਸ਼ਣ ਕਰਨ ਲਈ ਕੰਮ ਕਰ ਰਹੀ ਸੀ। ਹਾਲਾਂਕਿ, ਪਿਛਲੇ ਮਹੀਨੇ, ਉਸਦੇ ਸਹੁਰੇ ਆਪਣੇ ਘਰ ਨੂੰ ਤਾਲਾ ਲਗਾ ਕੇ ਉਸਨੂੰ ਦੱਸੇ ਬਿਨਾਂ ਚਲੇ ਗਏ। ਕਲੋਨੀ ਵਾਸੀਆਂ ਨੇ ਉਸਨੂੰ ਅਤੇ ਉਸਦੇ ਬੱਚਿਆਂ ਨੂੰ ਆਪਣੇ ਘਰ ਵਿੱਚ ਪਨਾਹ ਦਿੱਤੀ। ਉਨ੍ਹਾਂ ਨੇ ਦੱਸਿਆ ਕਿ ਅਗਲੇ ਦਿਨ ਕਲੋਨੀ ਦੇ ਵਸਨੀਕਾਂ ਨੇ ਘਰ ਦਾ ਤਾਲਾ ਤੋੜ ਕੇ ਉਸਨੂੰ ਅਤੇ ਬੱਚਿਆਂ ਨੂੰ ਅੰਦਰ ਵਾੜਿਆ। ਜਦੋਂ



ਉਸਦੇ ਸੱਸ ਅਤੇ ਸਹੁਰਾ 21 ਦਿਨਾਂ ਬਾਅਦ ਘਰ ਆਏ ਤਾਂ ਕਲੋਨੀ ਦੇ ਲੋਕਾਂ ਨੇ ਉਨ੍ਹਾਂ ਨੂੰ ਸਮਝਾਉਣ ਦੀ ਕੋਸ਼ਿਸ਼ ਕੀਤੀ, ਪਰ ਇਸ ਦੀ ਬਜਾਏ, ਉਸਦੀ ਸੱਸ, ਸਹੁਰੇ, ਨਨਾਣ, ਨੰਦੋਈ ਵੱਲੋਂ ਇਲਾਕੇ ਦੇ ਵਸਨੀਕਾਂ ਵਿਰੁੱਧ ਕੇਸ ਦਰਜ ਕਰਵਾ ਦਿੱਤਾ। ਉਨ੍ਹਾਂ ਕਿਹਾ ਕਿ ਜਲਦੀ ਹੀ ਮਹਿਲਾ ਕਮਿਸ਼ਨ, ਚੰਡੀਗੜ੍ਹ ਵਿੱਚ ਸ਼ਿਕਾਇਤ ਦਰਜ ਕਰਵਾਈ ਜਾਵੇਗੀ ਅਤੇ ਨਮਿਤਾ ਕਪੂਰ ਅਤੇ ਉਸਦੇ ਬੱਚਿਆਂ ਨੂੰ ਉਨ੍ਹਾਂ ਦਾ ਬਣਦਾ ਹੱਕ ਦਵਾਇਆ ਜਾਵੇਗਾ। ਨਮਿਤਾ ਕਪੂਰ ਨੇ ਕਿਹਾ ਕਿ ਉਸਦੀ ਸੱਸ, ਸਹੁਰਾ, ਨਨਾਣ ਅਤੇ ਨੰਦੋਈ ਨੇ ਮਿਲ ਕੇ ਪਹਿਲਾਂ ਉਸਦੇ ਪਤੀ ਦੀ ਦੁਕਾਨ ਵੇਚ ਦਿੱਤੀ ਅਤੇ ਹੁਣ ਉਸਦੇ ਸਹੁਰੇ ਨੇ ਉਹ ਘਰ ਜਿੱਥੇ ਉਹ ਰਹਿ ਰਹੀ ਹੈ, ਉਸਦੀ ਨਨਾਣ ਦੇ ਨਾਮ 'ਤੇ ਤਬਦੀਲ ਕਰ ਦਿੱਤਾ ਹੈ। ਉਨ੍ਹਾਂ ਵੱਲੋਂ ਉਸਨੂੰ ਮਾਨਸਿਕ ਤੌਰ 'ਤੇ ਪ੍ਰੇਸ਼ਾਨ ਕੀਤਾ ਜਾ ਰਿਹਾ ਹੈ। ਇਥੋਂ ਤੱਕ ਕਿ ਉਸ ਕੋਲੋਂ ਖਾਲੀ ਪੇਪਰ ਅਤੇ ਚੈੱਕਾਂ 'ਤੇ ਦਸਤਖਤ ਕਰਵਾ ਕੇ ਸਾਰੀ ਜਮ੍ਹਾਂ ਪੂੰਜੀ ਆਪਣੇ ਨਾਮ 'ਤੇ ਤਬਦੀਲ ਕਰਵਾ ਲਈ ਹੈ। ਨਮਿਤਾ ਕਪੂਰ ਨੇ ਦੱਸਿਆ ਕਿ ਉਸਨੇ ਇਸ ਸੰਬੰਧ ਵਿੱਚ ਥਾਣੇ ਵਿੱਚ ਵੀ ਸ਼ਿਕਾਇਤ ਦਰਜ ਕਰਵਾਈ ਹੈ। ਪਰ ਅਜੇ ਤੱਕ ਕੋਈ ਕਾਰਵਾਈ ਨਹੀਂ ਕੀਤੀ ਗਈ ਹੈ। ਪ੍ਰੈਸ ਕਾਨਫਰੰਸ ਵਿੱਚ ਸੁਨੀਤਾ ਸ਼ਰਮਾ, ਲਵਲੀ, ਲਵਲੀ ਤਨੇਜਾ, ਸੁਨੀਤਾ ਅਗਰਵਾਲ, ਅੰਗੂਰੀ ਦੇਵੀ, ਅੰਜੂ, ਕੌਂਸਲਰ ਨਿਧੀ ਗੁਪਤਾ, ਜਯੋਤੀ ਪਾਇਲ, ਕਿਰਨ ਸੁਮਨ, ਗੁਰਪ੍ਰੀਤ ਕੌਰ ਵਾਲੀਆ, ਅਨਿਲ ਮਿੱਤਲ, ਪਾਲ ਸਿੰਘ ਤਨੇਜਾ, ਅਸ਼ਵਨੀ ਛਾਬੜਾ, ਸਤਬੀਰ ਅਗਰਵਾਲ, ਰਵਿੰਦਰ ਪਾਲ ਸਿੰਘ, ਲਖਨਪਾਲ, ਕੇ.ਕੇ. ਗਰਗ, ਕੇ.ਕੇ. ਗੁੰਬਰ, ਜਤਿੰਦਰ ਸ਼ਰਮਾ, ਪਵਨ ਟਾਂਗਰੀ, ਪ੍ਰਦੀਪ ਮਿੱਤਲ, ਵਿਜੇ ਗੋਇਲ, ਰਾਜਿੰਦਰ ਕਪੂਰ, ਅਭਿਸ਼ੇਕ ਗੁਪਤਾ, ਜਸਵੀਰ ਸਿੰਘ ਤਨੇਜਾ, ਗੁਰਮੀਤ ਸਿੰਘ, ਤਰਸੇਮ ਗੁਪਤਾ, ਅਸ਼ੋਕ ਗੁਪਤਾ, ਉਦੈ ਸਿੰਘ ਮਾਨ, ਰਵਿੰਦਰ ਢੰਡ, ਵਿੱਕੀ ਗੁਲਜ਼ਾਰ, ਸੰਨੀ ਮਲਿਕ, ਅਮਿਤ ਵਰਮਾ ਆਦਿ ਹਾਜ਼ਰ ਸਨ।

# ਚੌਥੀ ਨੈਸ਼ਨਲ ਐਕਿਊਪੰਕਚਰ ਸਾਇੰਸ ਕਾਂਗਰਸ 2026: AYUSH 'ਚ ਮਾਨਤਾ ਦੀ ਮੰਗ, ਲੁਧਿਆਣਾ ਦੇ ਡਾ: ਇੰਦਰਜੀਤ ਸਿੰਘ 'ਮੈਸੂਰ ਪੇਟਾ' ਨਾਲ ਸਨਮਾਨਿਤ









**ਲੁਧਿਆਣਾ/ਬੈਂਗਲੂਰੂ (ਕਰਨੈਲ ਸਿੰਘ ਐੱਮ.ਏ.)** ਏਬੈਂਗਲੁਰੂ ਦੇ ਡਾ: ਬੀ.ਆਰ. ਅੰਬੇਡਕਰ ਭਵਨ 'ਚ 4th Naitonal Acupuncture Sicence Congress (NASC 2026) ਸਫਲਤਾਪੂਰਵਕ ਸਮਾਪਤ ਹੋਈ। FAST Board ਅਤੇ KUG Oirental Academy ਵੱਲੋਂ ਕਰਵਾਈ ਕਾਂਗਰਸ 'ਚ ਭਾਰਤ, ਚੀਨ, ਰੂਸ ਅਤੇ ਸ਼੍ਰੀਲੰਕਾ ਤੋਂ 400+ ਡੈਲੀਗੇਟ ਸ਼ਾਮਲ ਹੋਏ। ਕਾਂਗਰਸ ਦਾ ਮੁੱਖ ਆਕਰਸ਼ਣ ਰਿਹਾ ਲੁਧਿਆਣਾ ਦੇ ਡਾ: ਡੀ.ਐਨ. ਕੋਟਨੀਸ ਐਕਿਊਪੰਕਚਰ ਹਸਪਤਾਲ ਦੇ ਡਾਇਰੈਕਟਰ ਪ੍ਰੋ. ਡਾ: ਇੰਦਰਜੀਤ ਸਿੰਘ ਦਾ ਸਨਮਾਨ। ਐਕਿਊਪੰਕਚਰ-ਮੌਕਸੀਬਸਟਨ 'ਚ 50 ਸਾਲ ਪੂਰੇ ਕਰਨ ਵਾਲੇ ਡਾ: ਸਿੰਘ ਨੇ ਲੁਧਿਆਣਾ 'ਚ ਡਾ: ਕੋਟਨੀਸ ਦੀ ਯਾਦ 'ਚ ਪਹਿਲਾ ਇਨਡੋਰ ਹਸਪਤਾਲ ਸਥਾਪਿਤ ਕੀਤਾ ਸੀ। ਉਨ੍ਹਾਂ ਅਤੇ ਮਹਾਰਾਸ਼ਟਰ ਐਕਿਊਪੰਕਚਰ ਕੌਂਸਲ ਦੇ ਡਾ: ਰੂਮੀ ਐਫ. ਬੇਰਾਮਜੀ ਨੂੰ ਕਰਨਾਟਕ ਦੀ ਪਰੰਪਰਾਗਤ 'ਮੈਸੂਰ ਪੇਟਾ' ਨਾਲ ਸਨਮਾਨਿਤ ਕੀਤਾ ਗਿਆ। ਡਾ: ਇੰਦਰਜੀਤ ਸਿੰਘ ਦਾ ਮੁੱਖ ਜ਼ੋਰ ਐਕਿਊਪੰਕਚਰ ਨੂੰ AYUSH ਅਧੀਨ ਸੁਤੰਤਰ ਚਿਕਿਤਸਾ ਪ੍ਰਣਾਲੀ ਵਜੋਂ ਮਾਨਤਾ ਦਿਵਾਉਣ 'ਤੇ ਰਿਹਾ। ਡਾ: ਬੇਰਾਮਜੀ ਨੇ ਦੱਸਿਆ ਕਿ ਸਰਕਾਰ ਨਾਲ ਗੱਲਬਾਤ ਸਕਾਰਾਤਮਕ ਹੈ ਅਤੇ ਜਲਦੀ ਰਾਸ਼ਟਰੀ ਗਵਰਨਿੰਗ ਬਾਡੀ ਬਣੇਗੀ। ਕਾਂਗਰਸ 'ਚ ਡਾ: ਇੰਦਰਜੀਤ ਸਿੰਘ, ਡਾ: ਸੰਦੀਪ ਚੋਪੜਾ, ਡਾ: ਉਮਰ, ਡਾ: ਸਾਮੁੱਲਾਹ, ਡਾ: ਬਹਿਰਾਮ ਅਤੇ ਡਾ: ਨੀਲੇਸ਼ ਨੇ ਹਿੱਸਾ ਲਿਆ। ਡਾ: ਇੰਦਰਜੀਤ ਸਿੰਘ ਨੇ ਐਲਰਜਿਕ ਰਾਈਨਾਈਟਿਸ ਅਤੇ ਪੋਸਟ-ਕੋਵਿਡ ਸਮੱਸਿਆਵਾਂ 'ਤੇ ਤਜਰਬੇ ਸਾਂਝੇ ਕੀਤੇ। ਡਾ: ਨੀਲੇਸ਼ ਪਟੇਲ ਨੇ ਮੋਟਾਪਾ ਪ੍ਰਬੰਧਨ 'ਤੇ ਪੇਸ਼ਕਾਰੀ ਦਿੱਤੀ। ਕਰਨਾਟਕ ਆਯੁਰਵੇਦ ਬੋਰਡ ਦੇ ਰਜਿਸਟਰਾਰ ਡਾ: ਸੀ. ਹਰੀਸ਼ ਬਾਬੂ ਅਤੇ ਸਾਬਕਾ ਸੰਸਦ ਮੈਂਬਰ ਸ਼੍ਰੀ ਆਈ.ਜੀ. ਸਨਾਦੀ ਨੇ ਵੀ ਸੰਬੋਧਨ ਕੀਤਾ। ਚੀਨ ਤੋਂ ਡਾ. ਸ਼ੀ ਮੇਈਯਾਨ ਨੇ ਕੈਂਸਰ ਕੇਅਰ 'ਚ TCM ਦੀ ਭੂਮਿਕਾ ਦੱਸੀ। ਕਾਂਗਰਸ ਵਿਗਿਆਨਕ ਖੋਜ, ਮਿਆਰੀ ਸਿੱਖਿਆ ਅਤੇ ਨੀਤੀਗਤ ਸੁਧਾਰ ਦੇ ਸਮੂਹਿਕ ਸੰਕਲਪ ਨਾਲ ਸਮਾਪਤ ਹੋਈ।

# ਕੁੱਲ ਹਿੰਦ ਖੇਤ ਮਜਦੂਰ ਯੂਨੀਅਨ ਦੀ ਮੀਟਿੰਗ ਹੋਈ

**ਰਾਏਕੋਟ - ਮਈ ( ਗੁਰਭਿੰਦਰ ਗੁਰੀ )** ਕੁੱਲ ਹਿੰਦ ਖੇਤ ਮਜਦੂਰ ਯੂਨੀਅਨ ਦੇ ਆਗੂ ਕਾਮਰੇਡ ਪਾਲ ਸਿੰਘ ਭੰਮੀਪੁਰਾ ਦੀ ਅਗਵਾਈ ਹੇਠ ਤਹਿਸੀਲ ਪੱਧਰੀ ਮੀਟਿੰਗ ਅੱਜ ਹਠੂਰ ਵਿਖੇ ਹੋਈ।ਇਸ ਮੀਟਿੰਗ ਵਿਚ ਕੁੱਲ ਹਿੰਦ ਖੇਤ ਮਜਦੂਰ ਯੂਨੀਅਨ ਅਤੇ ਕੁੱਲ ਹਿੰਦ ਕਿਸਾਨ ਸਭਾ ਦੇ ਆਹੁਦੇਦਾਰਾ ਅਤੇ ਵਰਕਰਾ ਨੇ ਭਾਗ ਲਿਆ।ਇਸ ਮੀਟਿੰਗ ਨੂੰ ਸੰਬੋਧਨ ਕਰਦਿਆ ਕੁੱਲ ਹਿੰਦ ਕਿਸਾਨ ਸਭਾ ਦੇ ਸੂਬਾ ਆਗੂ ਕਾਮ-ਰੇਡ ਬਲਜੀਤ ਸਿੰਘ ਗੋਰਸੀਆ ਨੇ ਕਿਹਾ ਕਿ ਅੱਜ ਕੇਂਦਰ ਦੀ ਬੀਜੇਪੀ ਸਰਕਾਰ ਪੰਜਾਬ ਵਾਸੀਆ ਨਾਲ ਮਤਰੇਈ ਮਾਂ ਵਰਗਾ ਸਲੂਕ ਕਰ ਰਹੀ ਹੈ ਅਤੇ ਕਿਸਾਨਾ-ਮਜਦੂਰਾ ਦੇ ਵਿਰੋਧ ਵਿਚ ਨਵੇਂ ਕਾਨੂੰਨ ਬਣਾ ਰਹੀ ਹੈ।ਇਨ੍ਹਾ ਕਾਨੂੰਨਾ ਦੇ ਵਿਰੋਧ ਵਿਚ ਕੁੱਲ ਹਿੰਦ ਖੇਤ ਮਜਦੂਰ ਯੂਨੀਅਨ ਅਤੇ ਕੁੱਲ ਹਿੰਦ ਕਿਸਾਨ ਸਭਾ ਵੱਲੋ 29 ਮਈ ਦਿਨ ਸੁੱਕਰਵਾਰ ਨੂੰ ਦੇਸ਼ ਭਗਤ ਯਾਦਗਾਰੀ ਹਾਲ ਜਲੰਧਰ ਵਿਖੇ ਵਿਸਾਲ ਰੋਸ ਰੈਲੀ ਕੀਤੀ ਜਾ



**ਹਠੂਰ ਵਿਖੇ ਮੀਟਿੰਗ ਕਰਨ ਸਮੇਂ ਜਿਲ੍ਹਾ ਸੈਕਟਰੀ ਕਾਮਰੇਡ ਕਾਮਰੇਡ ਬਲਜੀਤ ਸਿੰਘ ਗੋਰਸੀਆ ਆਪਣੇ ਸਾਥੀਆ ਸਮੇਂਤ।**

ਰਹੀ ਹੈ।ਇਸ ਰੈਲੀ ਨੂੰ ਹੋਰ ਮਜਬੂਤ ਬਣਾਉਣ ਲਈ ਕਿਸਾਨ ਅਤੇ ਮਜਦੂਰ ਆਗੂਆ ਵੱਲੋ ਰੋਜਾਨਾ ਪਿੰਡਾ ਅਤੇ ਸਹਿਰਾ ਵਿਚ ਮੀਟਿੰਗਾ ਕਰਕੇ ਕਿਸਾਨਾ-ਮਜਦੂਰਾ ਨੂੰ ਲਾਮਵੰਦ ਕੀਤਾ ਜਾ ਰਿਹਾ ਹੈ।ਉਨ੍ਹਾ ਕਿਹਾ ਕਿ ਇਹ ਰੋਸ ਰੈਲੀ 29 ਮਈ ਨੂੰ ਸਵੇਰੇ ਦਸ ਵਜੇ ਤੋ ਲੈ ਕੇ ਤਿੰਨ ਚਾਰ ਵਜੇ ਤੱਕ ਚੱਲੇਗੀ ਅਤੇ ਸਮੂਹ ਪੰਜਾਬ ਵਾਸੀਆ ਨੂੰ ਬੇਨਤੀ ਹੈ ਕਿ ਇਸ ਰੋਸ ਰੈਲੀ ਦਾ ਹਿੱਸਾ ਬਣੋ।ਇਸ ਮੌਕੇ ਕਾਮਰੇਡ ਪਾਲ ਸਿੰਘ ਭੰਮੀਪੁਰਾ ਨੇ ਮੀਟਿੰਗ ਵਿਚ ਪਹੁੰਚੇ ਆਗੂਆ ਅਤੇ ਵਰਕਰਾ ਦਾ ਧੰਨਵਾਦ ਕੀਤਾ।ਇਸ ਮੌਕੇ ਕਾਮਰੇਡ ਮੁਖਤਿਆਰ ਸਿੰਘ ਢੋਲਣ,ਕਾਮਰੇਡ ਪਾਲ ਸਿੰਘ ਭੰਮੀਪੁਰਾ,ਜਿਲ੍ਹਾ ਕਮੇਟੀ ਮੈਬਰ ਬੂਟਾ ਸਿੰਘ ਹਾਂਸ, ਪ੍ਰਧਾਨ ਮਲਕੀਤ ਸਿੰਘ ਧਾਲੀਵਾਲ,ਡਾ:ਜਗਜੀਤ ਸਿੰਘ ਡਾਗੀਆ,ਡਾ:ਕਰਮਜੀਤ ਸਿੰਘ ਢੋਲਣ,ਚਰਨ ਸਿੰਘ ਕਾਉਕੇਂ ਕਲਾਂ,ਸਰਬਜੀਤ ਸਿੰਘ ਕਾਉਕੇ,ਸੁਰਜੀਤ ਸਿੰਘ,ਜਸਵੰਤ ਸਿੰਘ ਕਾਉਕੇ,ਹਰਦੀਪ ਕੌਸ਼ਲ ਮੱਲ੍ਹਾ,ਲਖਵੀਰ ਸਿੰਘ ਮੱਲ੍ਹਾ,ਕਾਮ-ਰੇਡ ਚਿਮਨ ਲਾਲ, ਦੀਪਾ ਸਿੰਘ ਭੰਮੀਪੁਰਾ ਹਾਜ਼ਰ ਸਨ।

# ਫਤਹਿ ਦਿਵਸ ਨੂੰ ਸਮਰਪਿਤ ਪਿੰਡ ਮੱਲ੍ਹਾ 'ਚ ਢਾਡੀ ਦਰਬਾਰ ਸਜਾਇਆ

**ਰਾਏਕੋਟ – ਮਈ ( ਗੁਰਭਿੰਦਰ ਗੁਰੀ )** ਫਤਹਿ ਦਿਵਸ ਨੂੰ ਸਮਰਪਿਤ ਸ੍ਰੀ ਗੁਰਦੁਆਰਾ ਸੰਤ ਬਾਬਾ ਮੱਘਰ ਸਿੰਘ ਜੀ ਪਿੰਡ ਮੱਲ੍ਹਾ ਦੀ ਪ੍ਰਬੰਧਕੀ ਕਮੇਟੀ ਦੀ ਅਗਵਾਈ ਹੇਠ ਅੱਜ ਪਿੰਡ ਮੱਲ੍ਹਾ ਵਿਖੇ ਅੰਮ੍ਰਿਤ ਵੇਲੇ ਢਾਡੀ ਦਰਬਾਰ ਸਜਾਇਆ ਗਿਆ।ਇਸ ਮੌਕੇ ਗ੍ਰੰਥੀ ਸਿੰਘ ਭਾਈ ਬਸੰਤ ਸਿੰਘ ਖਾਲਸਾ ਵੱਲੋ ਪੰਜਾ ਬਾਣੀਆ ਦਾ ਪਾਠ ਕੀਤਾ ਗਿਆ ਅਤੇ ਸਰਬੱਤ ਦੇ ਭਲੇ ਲਈ ਅਰਦਾਸ ਕੀਤੀ ਗਈ।ਇਸ ਮੌਕੇ ਪੰਥ ਦੇ ਮਹਾਨ ਢਾਡੀ ਭਾਈ ਹਰਭਜਨ ਸਿੰਘ ਭੱਟੀ ਬਿਲਾਸਪੁਰ ਵਾਲੇ, ਭਾਈ ਰਾਜਵੰਤ ਸਿੰਘ ਬੀਹਲਾ, ਭਾਈ ਕਰਮ ਸਿੰਘ ਬੀਹਲਾ ਦੇ ਜੱਥੇ ਨੇ ਸਾਹਿਬਜਾਦਾ ਬਾਬਾ ਜੋਰਾਵਰ ਸਿੰਘ,ਸਾਹਿਬਜਾਦਾ ਬਾਬਾ ਫਤਹਿ ਸਿੰਘ ਅਤੇ ਬਾਬਾ ਬੰਦਾ ਸਿੰਘ ਬਹਾਦਰ ਜੀ ਦੀ ਲਾਸਾਨੀ ਕੁਰਬਾਨੀ ਦਾ ਇਤਿਹਾਸ ਸੁਣਾ ਕੇ ਸੰਗਤਾ ਨੂੰ ਨਿਹਾਲ ਕੀਤਾ ਇਸ ਮੌਕੇ ਪ੍ਰਧਾਨ ਗੁਰਦੇਵ ਸਿੰਘ ਮੱਲ੍ਹਾ ਨੇ ਕਿਹਾ ਕਿ ਅਜਿਹੇ ਢਾਡੀ ਦਰਬਾਰ



ਕਰਵਾਉਣ ਨਾਲ ਸਾਡੀ ਨੌਜਵਾਨ ਪੀੜ੍ਹੀ ਨੂੰ ਸੇਧ ਅਤੇ ਸਿੱਖ ਇਤਿਹਾਸ ਬਾਰੇ ਗਿਆਨ ਮਿਲਦਾ ਹੈ।ਸਾਨੂੰ ਅਜਿਹੇ ਧਾਰਮਿਕ ਸਮਾਗਮ ਪਾਰਟੀਬਾਜੀ ਤੋ ਉੱਪਰ ਉੱਠ ਕੇ ਮਨਾਉਣੇ ਚਾਹੀਦੇ ਹੈ ਅਤੇ ਸਮੁੱਚੀ ਮਨੁੱਖਤਾ ਦਾ ਭਲਾ ਮੰਗਣਾ ਚਾਹੀਦਾ ਹੈ।ਅੰਤ ਵਿਚ ਗੁਰਦੁਆਰਾ ਸਾਹਿਬ ਦੀ ਪ੍ਰਬੰਧਕੀ ਕਮੇਟੀ ਵੱਲੋ ਮਹਾਨ ਢਾਡੀ ਭਾਈ ਹਰਭਜਨ ਸਿੰਘ ਭੱਟੀ ਬਿਲਾਸਪੁਰ ਵਾਲੇ, ਭਾਈ ਰਾਜਵੰਤ ਸਿੰਘ ਬੀਹਲਾ, ਭਾਈ ਕਰਮ ਸਿੰਘ ਬੀਹਲਾ, ਪਾਠੀ ਸਿੰਘਾ, ਰਾਗੀ ਸਿੰਘਾ ਅਤੇ ਸਮੂਹ ਸੇਵਦਾਰਾ ਨੂੰ ਸਿਰਪਾਓ ਦੇ ਕੇ ਵਿਸ਼ੇਸ਼ ਤੌਰ ਤੇ ਸਨਮਾਨਿਤ ਕੀਤਾ ਗਿਆ।ਇਸ ਮੌਕੇ ਉਨ੍ਹਾ ਨਾਲ ਪ੍ਰਧਾਨ ਬੂਟਾ ਸਿੰਘ, ਮਹਿੰਦਰ ਸਿੰਘ ਢਿੱਲੋ, ਸਰਬਜੀਤ ਸਿੰਘ, ਬਲਦੇਵ ਸਿੰਘ, ਹਰਜਿੰਦਰ ਸਿੰਘ, ਯੂਥ ਆਗੂ ਮਨੀ ਮੱਲ੍ਹਾ, ਅਵਤਾਰ ਸਿੰਘ ਸਿੱਧੂ, ਹਰਨੇਕ ਸਿੰਘ, ਸਤਨਾਮ ਸਿੰਘ ਕਲੇਰ,ਪੰਚ ਹਮੀਰ ਸਿੰਘ ਬੀਹਲਾ, ਕੁਲਦੀਪ ਸਿੰਘ, ਪੰਚ ਮਨਜੀਤ ਕੌਰ, ਸਾਬਕਾ ਪੰਚ ਪ੍ਰਿਤਪਾਲ ਕੌਰ, ਗੁਰਦੁਆਰਾ ਸਾਹਿਬ ਦੀ ਪ੍ਰਬੰਧਕੀ ਕਮੇਟੀ ਅਤੇ ਗ੍ਰਾਮ ਪੰਚਾਇਤ ਮੱਲ੍ਹਾ ਹਾਜ਼ਰ ਸੀ।

# ਬੇਤਹਾਸਾ ਪੈ ਰਹੀ ਗਰਮੀ ਵਿੱਚ ਬੇਜ਼ੁਬਾਨ ਜੀਵਾਂ ਦੀ ਪਿਆਸ ਬੁਝਾਉਣਾ ਸਭ ਤੋਂ ਵੱਡੀ ਮਨੁੱਖੀ ਸੇਵਾ ਅਤੇ ਪੁੰਨ ਦਾ ਕਾਰਜ ਹੈ : ਡਾ ਆਸ਼ੀਸ਼ ਸਰੀਨ

## ਵੱਧ ਰਹੀ ਗਰਮੀ ਦੇ ਮੱਦੇਨਜ਼ਰ ਬੇਜ਼ੁਬਾਨ ਪੰਛੀਆਂ ਲਈ ਘਰਾਂ ਦੀਆਂ ਛੱਤਾਂ 'ਤੇ ਪਾਣੀ ਜਰੂਰ ਰੱਖੋ

**ਹੁਸ਼ਿਆਰਪੁਰ 26 ਮਈ (ਤਰਸੇਮ ਦੀਵਾਨਾ )** - ਮਈ-ਜੂਨ ਦੇ ਮਹੀਨੇ ਵਿੱਚ ਪੈ ਰਹੀ ਭਿਆਨਕ ਗਰਮੀ ਅਤੇ ਅਸਮਾਨ ਵਿੱਚੋਂ ਵਰ੍ਹ ਰਹੀ ਅੱਗ ਕਾਰਨ ਜਿੱਥੇ ਆਮ ਇਨਸਾਨ ਬੇਹਾਲ ਹੈ, ਉੱਥੇ ਹੀ ਅਸਮਾਨ ਵਿੱਚ ਉੱਡਣ ਵਾਲੇ ਬੇਜ਼ੁਬਾਨ ਪੰਛੀਆਂ ਲਈ ਵੀ ਇਹ ਮੌਸਮ ਬੇਹੱਦ ਚੁਣੌਤੀ ਪੂਰਨ ਬਣ ਗਿਆ ਹੈ। ਇਸ ਸੰਕਟ ਦੇ ਸਮੇਂ ਪੰਛੀਆਂ ਦੀ ਜਾਨ ਬਚਾਉਣ ਲਈ ਦੇਸ਼ ਦੇ ਤਮਾਮ ਲੋਕਾਂ ਨੂੰ ਅੱਗੇ ਆਉਣ ਦੀ ਲੋੜ ਹੈ। ਇਹ ਸ਼ਬਦ "ਹਿਜ਼ ਐਕਸਲੈਂਟ ਇੰਸਟੀਚਿਊਟ" ਅਤੇ "ਸੇਂਟ ਕਬੀਰ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਚੱਗਰਾਂ" ਹੁਸ਼ਿਆਰਪੁਰ ਦੇ ਐਮ.ਡੀ. ਡਾ. ਆਸ਼ੀਸ਼ ਸਰੀਨ ਨੇ ਕੁਝ ਚੋਣਵੇਂ ਪੱਤਰਕਾਰਾਂ ਨਾਲ ਇੱਕ ਪ੍ਰੈਸ ਵਾਰਤਾ ਦੌਰਾਨ ਸਾਂਝੇ ਕੀਤੇ ! ਉਹਨਾਂ ਸਮਾਜ ਸੇਵੀਆਂ, ਵਾਤਾਵਰਣ ਪ੍ਰੇਮੀਆਂ ਅਤੇ ਭਾਰਤ ਦੇ ਸਮੂਹ ਨਾਗਰਿਕਾਂ ਨੂੰ ਇੱਕ ਨਿਮਰਤਾ ਸਹਿਤ ਅਪੀਲ ਕੀਤੀ ਕਿ ਉਹ ਆਪਣੇ ਘਰਾਂ, ਕੋਠਿਆਂ (ਛੱਤਾਂ), ਬਾਲਕੋਨੀਆਂ ਅਤੇ ਆਲੇ-ਦੁਆਲੇ ਖੁੱਲ੍ਹੀਆਂ ਥਾਵਾਂ 'ਤੇ



ਮਿੱਟੀ ਜਾਂ ਕਿਸੇ ਹੋਰ ਭਾਂਡੇ ਵਿੱਚ ਪੰਛੀਆਂ ਦੇ ਪੀਣ ਲਈ ਸਾਫ਼ ਸੁਥਰਾ ਪਾਣੀ ਜ਼ਰੂਰ ਰੱਖਣ। ਉਹਨਾਂ ਕਿਹਾ ਕਿ ਗਰਮੀ ਦੇ ਇਸ ਮੌਸਮ ਵਿੱਚ ਕੁਦਰਤੀ ਜਲ ਸਰੋਤ, ਟੋਭੇ ਅਤੇ ਨਹਿਰਾਂ ਸੁੱਕ ਜਾਂਦੀਆਂ ਹਨ, ਜਿਸ ਕਾਰਨ ਅਸਮਾਨ ਵਿੱਚ ਉੱਡਣ ਵਾਲੇ ਬੇਜ਼ੁਬਾਨ ਪੰਛੀ ਪਾਣੀ ਦੀ ਇੱਕ-ਇੱਕ ਬੂੰਦ ਲਈ ਮੀਲਾਂ ਤੱਕ ਭਟਕਦੇ ਹਨ। ਉਹਨਾਂ ਕਿਹਾ ਕਿ ਕਈ ਵਾਰ ਪਿਆਸ ਕਾਰਨ ਇਹ ਬੇਜ਼ੁਬਾਨ ਪੰਛੀ ਦਮ ਵੀ ਤੋੜ ਦਿੰਦੇ ਹਨ। ਉਹਨਾਂ ਕਿਹਾ ਕਿ ਜੇਕਰ ਅਸੀਂ ਸਾਰੇ ਆਪਣੇ ਘਰ ਦੀਆ ਛੱਤਾ 'ਤੇ ਭਾਂਡਿਆ ਵਿੱਚ ਪਾਣੀ ਰੱਖਣਾ ਸ਼ੁਰੂ ਕਰ ਦੇਈਏ, ਤਾਂ ਇਹ ਪੰਛੀ ਆਪਣੀ ਪਿਆਸ ਬੁਝਾ ਕੇ ਨਵੀਂ ਜ਼ਿੰਦਗੀ ਪਾ ਸਕਦੇ ਹਨ ! ਉਹਨਾਂ ਕਿਹਾ ਕਿ ਜੇਕਰ ਸੰਭਵ ਹੋਵੇ ਤਾਂ ਮਿੱਟੀ ਦੇ ਕੋਰੇ ਭਾਂਡਿਆ ਦੀ ਵਰਤੋਂ ਕਰੋ, ਕਿਉਂਕਿ ਇਸ ਵਿੱਚ ਪਾਣੀ ਲੰਬੇ ਸਮੇਂ ਤੱਕ ਠੰਢਾ ਰਹਿੰਦਾ ਹੈ। ਉਹਨਾਂ ਕਿਹਾ ਕਿ ਭਾਂਡਿਆ ਵਿੱਚ ਪਾਏ ਪਾਣੀ ਨੂੰ ਰੋਜ਼ਾਨਾ ਬਦਲੋ ਅਤੇ ਭਾਂਡਿਆ ਨੂੰ ਸਾਫ਼ ਰੱਖੋ ਤਾਂ ਜੋ ਪੰਛੀ ਬਿਮਾਰੀਆਂ ਤੋਂ ਬਚੇ ਰਹਿਣ। ਉਹਨਾਂ ਕਿਹਾ ਕਿ ਜੇਕਰ ਛੱਤ ਉੱਪਰ ਕੋਈ ਛਾਂਦਾਰ ਦਰੱਖਤ ਹੋਣ, ਤਾਂ ਪਾਣੀ ਉੱਥੇ ਰੱਖਣਾ ਹੋਰ ਵੀ ਉੱਤਮ ਹੈ। ਉਹਨਾਂ ਕਿਹਾ ਕਿ ਇਸ ਭਿਆਨਕ ਗਰਮੀ ਵਿੱਚ ਬੇਜ਼ੁਬਾਨ ਜੀਵਾਂ ਦੀ ਪਿਆਸ ਬੁਝਾਉਣਾ ਸਭ ਤੋਂ ਵੱਡੀ ਮਨੁੱਖੀ ਸੇਵਾ ਅਤੇ ਪੁੰਨ ਦਾ ਕਾਰਜ ਹੈ। ਆਓ, ਅਸੀਂ ਸਾਰੇ ਰਲ-ਮਿਲ ਕੇ ਇਸ ਮੁਹਿੰਮ ਦਾ ਹਿੱਸਾ ਬਣੀਏ ਅਤੇ ਆਪਣੇ ਘਰ ਦੀ ਛੱਤ 'ਤੇ ਪਾਣੀ ਰੱਖਣ ਦਾ ਪ੍ਰਣ ਲਈਏ।

# ਮੇਲਾ ਹਰਦੋ ਸੇਖਾਂ ਵਿੱਚ ਗਾਇਕ ਰਾਏ ਜੁਝਾਰ, ਕੁਲਵਿੰਦਰ ਕਿੰਦਾ, ਅਨੂਪ ਤੇ ਸਿੱਧਮ ਭੈਣਾਂ ਸਮੇਤ ਅਨੇਕਾਂ ਕਲਾਕਾਰ ਬਨਣਗੇ ਰੰਗ : ਡਾ. ਸਿੱਧਮ

## 28 ਤੇ 29 ਮਈ ਨੂੰ ਚੱਲੇਗਾ ਇਹ ਵਿਸ਼ਾਲ ਮੇਲਾ

**ਹੁਸ਼ਿਆਰਪੁਰ /ਹਰਦੋ ਸੇਖਾਂ 26 ਮਈ (ਵਰਿੰਦਰ ਕੁਮਾਰ ਵਿੱਕੀ )–** ਰਹਿਮਤਾਂ ਦਾ ਦਰਬਾਰ ਅਤੇ ਸੂਫ਼ੀ ਦਰਗਾਹ ਅਸਤਾਨਾਂ ਔਲੀਆ ਹਜ਼ਰਤ ਸ਼ਾਹ ਬਾਬਾ ਮੁੱਲਾਹ ਬਦਰ ਸਾਹਿਬ ਜੀ ਦੇ ਪਵਿੱਤਰ ਅਸਥਾਨ ਪਿੰਡ ਹਰਦੋ ਸ਼ੇਖ ( ਸੇਖਾਂ ) ਨੇੜੇ ਸਰੀਂਹ ਸ਼ੰਕਰ (ਨੂਰਮਹਿਲ) ਜਲੰਧਰ ਵਿਖੇ ਵਿਸ਼ਾਲ ਸਾਲਾਨਾ ਮੇਲਾ ( ਮੇਲਾ ਹਰਦੋ ਸ਼ੇਖਾਂ ਦਾ ) 28 ਤੇ 29 ਮਈ ਨੂੰ ਦਰਬਾਰ ਦੇ ਗੱਦੀ ਨਸ਼ੀਨ ਨਿਹਾਲ ਸਿੰਘ ਮਾਹਲ ਦੀ ਯੋਗ ਰਹਿਨੁਮਾਈ ਹੇਠ ਅਥਾਹ ਸ਼ਰਧਾ ਤੇ ਭਾਵਨਾ ਨਾਲ ਕਰਵਾਇਆ ਜਾ ਰਿਹਾ ਹੈ। ਮੇਲਾ ਪ੍ਰਬੰਧਕ ਤੇ ਸਿੱਧਮ ਦਵਾਖਾਨਾ ਤੇ ਆਸਟਰੋ ਰਿਸਰਚ ਸੈਂਟਰ (ਰਜਿ.) ਪੰਜਾਬ ਦੇ ਸੰਚਾਲਕ ਡਾ. ਵਿਜੇ ਕੁਮਾਰ ਸਿੱਧਮ ਨੇ ਦੱਸਿਆ ਕਿ 28 ਮਈ ਵੀਰਵਾਰ ਨੂੰ ਸ਼ਾਮ ਚਿਰਾਗ ਰੌਸ਼ਨ ਕਰਨ ਉਪਰੰਤ ਪ੍ਰਸਿੱਧ ਕੱਵਾਲ ਸ਼ਮੀ ਅਲੀ ਨੂਰਮਹਿਲ ਵਾਲੇ ਤੇ ਕਵਾਲ ਪਾਰਟੀਆਂ ਵਲੋਂ ਮਹਿਫ਼ਲ ਸਜਾਈ ਜਾਵੇਗੀ। 29 ਮਈ ਨੂੰ ਸਵੇਰੇ ਝੰਡੇ (ਨਿਸ਼ਾਨ ਸਾਹਿਬ) ਝੜਾਉਣ ਤੋਂ ਬਾਅਦ ਪਵਿੱਤਰ ਸੂਫ਼ੀ ਦਰਗਾਹਾਂ 'ਤੇ ਦਰਬਾਰ ਪਰਿਕਰਮਾ ਕਰਵਾ ਕੇ ਚਾਦਰਾਂ ਚੜ੍ਹਾਈਆਂ ਜਾਣਗੀਆਂ। ਨਿਹਾਲ ਸਿੰਘ ਮਾਹਲ ਤੇ ਡਾ. ਵਿਜੇ ਸਿੱਧਮ ਨੇ ਅੱਗੇ ਦੱਸਿਆ ਕਿ ਧਾਰਮਿਕ ਰਸਮਾਂ ਉਪਰੰਤ ਸਵੇਰੇ



ਠੀਕ 10 ਵਜੇ ਅੰਤਰਰਾਸ਼ਟਰੀ ਗਾਇਕ ਰਾਏ ਜੁਝਾਰ, ਸੂਫ਼ੀ ਫ਼ਨਕਾਰ ਕੁਲਵਿੰਦਰ ਕਿੰਦਾ, ਨਿੱਧੀ - ਫਿਜ਼ਾ ( ਸਿੱਧਮ ਸਿਸਟਰਜ), ਜੋਤੀ ਸੱਭਰਵਾਲ, ਮਾਸਟਰ ਅਨੂਪ, ਦੋਗਾਣਾ ਜੋੜੀ ਮਨਵੀਰ ਰਾਣਾ ਤੇ ਹੁਸਨਪ੍ਰੀਤ ਹੰਸ ਤੇ ਹੋਰ ਸ਼ਾਮ ਤੱਕ ਪੰਜਾਬ ਦੇ ਸੁਪ੍ਰਸਿੱਧ ਗਾਇਕ ਗਾਇਕਾਵਾਂ ਵਲੋਂ ਰੰਗ ਬੰਨ੍ਹਿਆ ਜਾਵੇਗਾ। ਇਸ ਮੌਕੇ ਸੰਤ-ਮਹਾਪੁਰਸ਼ ਸਮਾਜਿਕ ਤੇ ਧਾਰਮਿਕ ਸ਼ਖ਼ਸੀਅਤਾਂ ਹਾਜ਼ਰੀ ਭਰਨਗੀਆਂ। ਸੰਤ ਤਰਮਿੰਦਰ ਸਿੰਘ ਡੇਰਾ ਮੁਖੀ ਸੰਤ ਤਰਲੋਕ ਸਿੰਘ ਸਤਿਸੰਗ ਘਰ ਢੇਸੀਆਂ ਕਾਹਨਾਂ ਵਾਲੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕਰਨਗੇ। ਸੂਬੇਦਾਰ ਸਾਂਈ ਚਮਨ ਲਾਲ ਗੱਦੀ ਨਸ਼ੀਨ ਨੌਗੱਜਾ ਪੀਰ ਨੂਰਮਹਿਲ ਨਿਸ਼ਾਨ ਸਾਹਿਬ ( ਝੰਡੇ) ਝੜਾਉਣ ਦੀ ਸੇਵਾ ਨਿਭਾਉਣਗੇ। ਦਾਤਾ ਅਲੀ ਅਹਿਮਦ ਸ਼ਾਹ ਕਾਦਰੀ ਜੀ ਦੇ ਦਰਬਾਰ ਦੇ ਗੱਦੀ ਨਸ਼ੀਨ ਬੀਬੀ ਤਾਰੋ ਸਾਵਰ, ਸਾਂਈ ਵਿਕਰਮਜੀਤ ਸ਼ਾਹ ਬਿਲਗਾ ਵਾਲੇ ਵਿਸ਼ੇਸ਼ ਤੌਰ ਤੇ ਸ਼ਿਰਕਤ ਕਰਨਗੇ। ਮੇਲੇ ਵਿੱਚ ਹੋਰਨਾਂ ਤੋਂ ਇਲਾਵਾਂ ਵੱਖ ਵੱਖ ਦਰਬਾਰਾਂ ਦੇ ਗੱਦੀ ਨਸ਼ੀਨ ਤੇ ਸਾਂਈ ਹਾਜ਼ਰੀ ਭਰਨਗੇ। ਬਾਬਾ ਜੀ ਦਾ ਲੰਗਰ ਤੇ ਠੰਡੇ ਮਿੱਠੇ ਜਲ ਦੀਆਂ ਛਬੀਲਾਂ ਲਗਾਈਆਂ। ਮੇਲੇ ਦੌਰਾਨ ਦੇਸ਼ ਵਿਦੇਸ਼ਾਂ ਤੋਂ ਸੰਗਤਾਂ ਹਾਜ਼ਰੀ ਭਰਨਗੀਆਂ। ਇਸ ਮੌਕੇ ਬੀਰਬਲ ਨਾਹਰ ਤੇ ਇੰਦਾ ਘਈ ਵਲੋਂ ਮੰਚ ਸੰਚਾਲਨ ਕੀਤਾ ਜਾਵੇਗਾ।

# 11ਵੀਂ ਕਲਾਸ ਦੇ ਵਿਦਿਆਰਥੀਆਂ ਲਈ ਵੈਲਕਮ ਪਾਰਟੀ ਦਾ ਆਯੋਜਨ ਕੀਤਾ

## ਮਹਿੰਦੀ ਕੰਪੀਟੀਸ਼ਨ ਕਰਵਾਇਆ ਗਿਆ

**ਨਵਾਂਸ਼ਹਿਰ /ਕਾਠਗੜ੍ਹ 26 ਮਈ (ਜਤਿੰਦਰਪਾਲ ਸਿੰਘ ਕਲੇਰ )**– ਐਮਬੀਬੀਜੀਜੀਜੀ ਗਰਲਜ਼ ਕਾਲਜ ਰੱਤੇਵਾਲ ਵਿਖੇ 12 ਵੀਂ ਕਲਾਸ ਦੇ ਵਿਦਿਆਰਥੀਆ ਵਲੋਂ 11 ਵੀ ਕਲਾਸ ਦੇ ਵਿਦਿਆਰਥੀਆਂ ਨੂੰ ਵੈਲਕਮ ਪਾਰਟੀ ਦਾ ਆਯੋਜਨ ਕੀਤਾ ਗਿਆ । ਜਿਸ ਵਿੱਚ ਪ੍ਰੋ ਸ਼ੁਸ਼ਮਾ ਕੁਮਾਰੀ (ਰਿਆਤ ਕਾਲਜ ਆਫ ਐਜੂਕੇਸ਼ਨ) ਬਤੌਰ ਮੁੱਖ ਮਹਿਮਾਨ ਸ਼ਿਰਕਤ ਕੀਤੀ । ਇਸ ਮੌਕੇ ਤੇ ਵਿਦਿਆਰਥੀਆਂ ਵਲੋਂ ਅਲੱਗ ਅਲੱਗ ਗਤੀਵਿਧੀਆਂ ਵਿੱਚ ਹਿੱਸਾ ਲਿਆ ਗਿਆ । ਮਹਿੰਦੀ ਕੰਪੀਟੀਸ਼ਨ ਕਰਵਾਇਆ ਗਿਆ ।





ਪਹਿਲੇ., ਦੂਸਰੇ ਤੇ ਤੀਸਰੇ ਸਥਾਨ ਤੇ ਆਉਣ ਵਾਲੇ ਵਿਦਿਆਰਥੀਆ ਨੂੰ ਕਾਲਜ਼ ਦੇ ਪ੍ਰਿੰ ਡਾ ਸਤਵੰਤ ਕੌਰ ਵਲੋਂ ਇਨ੍ਹਾਂ ਨੂੰ ਇਨਾਮ ਦੇ ਕੇ ਸਨਮਾਨਿਤ ਕੀਤਾ ਗਿਆ । ਬੇਸਟ ਡਾਂਸਰ ਦਾ ਐਵਾਰਡ 12 ਵੀਂ ਕਲਾਸ ਦੀ ਵਿਦਿਆਰਥਣ ਗਗਨਦੀਪ ਨੇ ਜਿੱਤੀਆ । ਇਸ ਮੌਕੇ ਪਾਰਟੀ ਦਾ ਪੂਰਾ ਆਨੰਦ ਸਮੂਹ ਸਟਾਫ ਤੇ ਕਾਲਜ਼ ਦੇ ਵਿਦਿਆਰਥੀਆਂ ਨੇ ਲਿਆ ।

# ਪੰਜਾਬ ਵਿੱਚ ਵਧ ਰਹੇ ਤਲਾਕ ਦੇ ਮਾਮਲੇ ਕਾਰਨ ਅਤੇ ਚਿੰਤਾ

ਪੰਜਾਬ ਵਿੱਚ ਪਿਛਲੇ ਕੁਝ ਸਾਲਾਂ ਤੋਂ ਤਲਾਕ ਦੇ ਮਾਮਲਿਆਂ ਵਿੱਚ ਆ ਰਿਹਾ ਬੇਤਹਾਸ਼ਾ ਵਾਧਾ ਬੇਹੱਦ ਗੰਭੀਰ ਅਤੇ ਚਿੰਤਾਜਨਕ ਵਿਸ਼ਾ ਬਣ ਚੁੱਕਾ ਹੈ। ਇੱਕ ਸਮਾਂ ਸੀ ਜਦੋਂ ਪੰਜਾਬੀ ਸਮਾਜ ਵਿੱਚ ਵਿਆਹ ਨੂੰ ਕੇਵਲ ਦੋ ਇਨਸਾਨਾਂ ਦਾ ਮੇਲ ਨਹੀਂ, ਬਲਕਿ ਦੋ ਪਰਿਵਾਰਾਂ ਦਾ ਆਪਸੀ ਸਾਂਝ, ਪਵਿੱਤਰਤਾ ਅਤੇ ਜਨਮ-ਜਨਮਾਂਤਰ ਦਾ ਅਟੁੱਟ ਰਿਸ਼ਤਾ ਮੰਨਿਆ ਜਾਂਦਾ ਸੀ। ਸਮਾਜਿਕ ਤਾਣੇ-ਬਾਣੇ ਵਿੱਚ ਪਰਿਵਾਰਕ ਕਦਰਾਂ-ਕੀਮਤਾਂ ਨੂੰ ਇੰਨੀ ਅਹਿਮੀਅਤ ਦਿੱਤੀ ਜਾਂਦੀ ਸੀ ਕਿ ਰਿਸ਼ਤਿਆਂ ਵਿੱਚ ਆਉਣ ਵਾਲੀਆਂ ਤਰੇੜਾਂ ਨੂੰ ਬਜ਼ੁਰਗ ਆਪ ਬੈਠ ਕੇ ਸੁਲਝਾ ਲੈਂਦੇ ਸਨ ਅਤੇ ਅਦਾਲਤਾਂ ਦੇ ਚੱਕਰ ਕੱਟਣ ਨੂੰ ਸਮਾਜ ਵਿੱਚ ਬਹੁਤ ਨਿਊਨ ਜਾਂ ਬੁਰਾ ਸਮਝਿਆ ਜਾਂਦਾ ਸੀ। ਪਰ ਅੱਜ ਦੇ ਆਧੁਨਿਕ, ਉਦਯੋਗਿਕ ਅਤੇ ਬਦਲਦੇ ਦੌਰ ਵਿੱਚ ਇਹ ਸਾਰੀਆਂ ਧਾਰਨਾਵਾਂ ਤੇਜ਼ੀ ਨਾਲ ਬਦਲ ਰਹੀਆਂ ਹਨ ਅਤੇ ਪੰਜਾਬ ਦੀਆਂ ਫੈਮਿਲੀ ਕੋਰਟਾਂ ਦੇ ਬਾਹਰ ਲੱਗੀਆਂ ਲੰਬੀਆਂ ਲਾਈਨਾਂ ਇਸ ਗੱਲ ਦੀ ਪ੍ਰਤੱਖ ਗਵਾਹੀ ਭਰਦੀਆਂ ਹਨ ਕਿ ਸਾਡੀ ਪਰਿਵਾਰਕ ਸੰਸਥਾ ਅੰਦਰੋਂ ਖੋਖਲੀ ਹੁੰਦੀ ਜਾ ਰਹੀ ਹੈ।ਇਸ ਸਮੱਸਿਆ ਦੇ ਪਿੱਛੇ ਕੋਈ ਇੱਕ ਕਾਰਨ ਨਹੀਂ, ਬਲਕਿ ਕਈ ਸਮਾਜਿਕ, ਆਰਥਿਕ ਅਤੇ ਮਾਨਸਿਕ ਤਬਦੀਲੀਆਂ ਜ਼ਿੰਮੇਵਾਰ ਹਨ। ਪੰਜਾਬ ਦੇ ਮੌਜੂਦਾ ਹਾਲਾਤਾਂ ਵਿੱਚ ਸਭ ਤੋਂ ਵੱਡਾ ਕੋਹੜ ਨਸ਼ਾ ਹੈ, ਜੋ ਹੱਸਦੇ-ਖੇਡਦੇ ਉੱਜੜ ਰਹੇ ਪਰਿਵਾਰਾਂ ਦਾ ਮੁੱਖ ਕਾਰਨ ਬਣ ਰਿਹਾ ਹੈ। ਜਦੋਂ ਘਰ ਦਾ ਮੁਖੀ ਜਾਂ ਪਤੀ ਨਸ਼ੇ ਦੀ ਦਲਦਲ ਵਿੱਚ ਫਸ ਜਾਂਦਾ ਹੈ, ਤਾਂ ਘਰ ਵਿੱਚ ਆਰਥਿਕ ਤੰਗੀ, ਮਾਨਸਿਕ ਪਰੇਸ਼ਾਨੀ ਅਤੇ ਘਰੇਲੂ ਹਿੰਸਾ ਦਾ ਨੰਗਾ ਨਾਚ ਸ਼ੁਰੂ ਹੋ ਜਾਂਦਾ ਹੈ, ਜਿਸ ਕਾਰਨ ਰਿਸ਼ਤੇ ਦਾ ਦਮ ਘੁੱਟਣ ਲੱਗਦਾ ਹੈ। ਇਸ ਦੇ ਨਾਲ ਹੀ, ਸਮੇਂ ਦੇ ਬਦਲਣ ਨਾਲ ਔਰਤਾਂ ਦੀ ਸਿੱਖਿਆ ਅਤੇ ਆਰਥਿਕ ਆਜ਼ਾਦੀ ਵਿੱਚ ਵੱਡਾ ਉਛਾਲ ਆਇਆ ਹੈ। ਅੱਜ ਦੀ ਪੰਜਾਬੀ ਕੁੜੀ ਪੜ੍ਹੀ-ਲਿਖੀ ਹੈ, ਆਪਣੇ ਪੈਰਾਂ 'ਤੇ ਖੜ੍ਹੀ ਹੈ ਅਤੇ ਆਤਮ-ਨਿਰਭਰ ਹੈ। ਪੁਰਾਣੇ ਸਮੇਂ ਵਾਂਗ ਹੁਣ ਔਰਤਾਂ ਆਰਥਿਕ ਨਿਰਭਰਤਾ ਕਾਰਨ ਅੱਤਿਆਚਾਰ ਜਾਂ ਮਾਨਸਿਕ ਪੀੜਾ ਸਹਿਣ ਦੀ ਬਜਾਏ, ਆਪਣੇ ਆਤਮ-ਸਨਮਾਨ ਦੀ ਖ਼ਾਤਰ ਅਜਿਹੇ ਨਰਕ ਭਰੇ ਰਿਸ਼ਤੇ ਵਿੱਚੋਂ ਬਾਹਰ ਨਿਕਲਣਾ ਬਿਹਤਰ ਸਮਝਦੀਆਂ ਹਨ।ਇੱਕ ਹੋਰ ਵੱਡਾ ਕਾਰਨ ਪੰਜਾਬੀਆਂ ਵਿੱਚ ਵਿਦੇਸ਼ ਜਾਣ ਦੀ ਅੰਨ੍ਹੀ ਦੌੜ ਅਤੇ ਆਈਲੈਟਸ ਦਾ ਕ੍ਰੇਜ਼ ਹੈ। ਇਸ ਚੱਕਰ ਵਿੱਚ 'ਕੰਟਰੈਕਟ ਮੈਰਿਜ' ਯਾਨੀ ਕਿ ਸਮਝੌਤਾ ਵਿਆਹਾਂ ਦਾ ਰੁਝਾਨ ਬਹੁਤ ਵਧਿਆ ਹੈ, ਜਿੱਥੇ ਵਿਆਹ ਦਾ ਮਕਸਦ ਸਾਥ ਨਿਭਾਉਣਾ ਨਹੀਂ ਬਲਕਿ ਸਿਰਫ਼ ਵਿਦੇਸ਼ ਦੀ ਧਰਤੀ 'ਤੇ ਪਹੁੰਚਣਾ ਹੁੰਦਾ ਹੈ। ਜਿਵੇਂ ਹੀ ਦੋਵਾਂ ਧਿਰਾਂ ਦੇ ਸੁਆਰਥ ਪੂਰੇ ਹੁੰਦੇ ਹਨ ਜਾਂ ਕੋਈ ਆਪਸੀ ਮਤਭੇਦ ਹੁੰਦਾ ਹੈ, ਤਾਂ ਇਹ ਕਾਗਜ਼ੀ ਰਿਸ਼ਤੇ ਬਹੁਤ ਆਸਾਨੀ ਨਾਲ ਤਲਾਕ ਦੀ ਭੇਟ ਚੜ੍ਹ ਜਾਂਦੇ ਹਨ। ਇਸ ਦੇ ਨਾਲ ਹੀ ਸਾਡੀ ਜੀਵਨ ਸ਼ੈਲੀ ਵਿੱਚ ਆਏ ਬਦਲਾਅ ਨੇ ਨੌਜਵਾਨ ਪੀੜ੍ਹੀ ਵਿੱਚੋਂ ਸਹਿਣਸ਼ੀਲਤਾ, ਠਹਿਰਾਅ ਅਤੇ ਸਮਝੌਤਾ ਕਰਨ ਦੀ ਭਾਵਨਾ ਨੂੰ ਲਗਭਗ ਖ਼ਤਮ ਕਰ ਦਿੱਤਾ ਹੈ।ਅੱਜ ਦੇ ਛੋਟੇ ਪਰਿਵਾਰਾਂ ਵਿੱਚ ਬਜ਼ੁਰਗਾਂ ਦਾ ਹੱਥ ਸਿਰ 'ਤੇ ਨਾ ਹੋਣ ਕਾਰਨ ਮਾਮੂਲੀ ਗੱਲਾਂ ਅਤੇ ਆਪਸੀ ਹਉਮੈ ਦੇ ਟਕਰਾਅ ਅਦਾਲਤਾਂ ਤੱਕ ਪਹੁੰਚ ਜਾਂਦੇ ਹਨ। ਸੋਸ਼ਲ ਮੀਡੀਆ ਦੀ ਬਣਾਵਟੀ ਦੁਨੀਆ ਵੀ ਲੋਕਾਂ ਦੀਆਂ ਉਮੀਦਾਂ ਨੂੰ ਅਸਲੀਅਤ ਤੋਂ ਦੂਰ ਲੈ ਗਈ ਹੈ, ਜਿਸ ਨਾਲ ਰਿਸ਼ਤਿਆਂ ਵਿੱਚ ਸ਼ੱਕ, ਬੇਵਫ਼ਾਈ ਅਤੇ ਅਸੰਤੁਸ਼ਟਤਾ ਵਧ ਰਹੀ ਹੈ। ਕਾਨੂੰਨੀ ਪ੍ਰਕਿਰਿਆ ਦਾ ਆਸਾਨ ਹੋਣਾ ਅਤੇ ਸਮਾਜ ਵਿੱਚ ਤਲਾਕ ਪ੍ਰਤੀ ਬਦਨਾਮੀ ਦਾ ਡਰ ਘਟਣਾ ਵੀ ਇਹਨਾਂ ਮਾਮਲਿਆਂ ਨੂੰ ਹਵਾ ਦੇ ਰਿਹਾ ਹੈ।ਇਸ ਤੋਂ ਇਲਾਵਾ ਪੰਜਾਬ ਵਿੱਚ ਤਲਾਕ ਦੇ ਵਧ ਰਹੇ ਮਾਮਲਿਆਂ ਦੇ ਪਿੱਛੇ ਕੁਝ ਹੋਰ ਅਜਿਹੇ ਡੂੰਘੇ ਸਮਾਜਿਕ, ਮਨੋਵਿਗਿਆਨਕ ਅਤੇ ਆਰਥਿਕ ਪੱਖ ਵੀ ਹਨ, ਜਿਨ੍ਹਾਂ ਦਾ ਆਮ ਤੌਰ 'ਤੇ ਜ਼ਿਕਰ ਘੱਟ ਹੁੰਦਾ ਹੈ ਪਰ ਉਹ ਅੰਦਰੋਂ-ਅੰਦਰੀਂ ਰਿਸ਼ਤਿਆਂ ਦੀ ਜੜ੍ਹ ਵੱਢ ਰਹੇ ਹਨ।ਇਨ੍ਹਾਂ ਵਿੱਚੋਂ ਇੱਕ ਮੁੱਖ ਪੱਖ ਪਰਿਵਾਰਾਂ, ਖਾਸ ਕਰਕੇ ਲੜਕੇ ਅਤੇ ਲੜਕੀ ਦੇ ਮਾਪਿਆਂ ਦੀ ਬਹੁਤ ਜ਼ਿਆਦਾ ਦਖ਼ਲਅੰਦਾਜ਼ੀ ਹੈ। ਪੁਰਾਣੇ ਸਮੇਂ ਵਿੱਚ ਕੁੜੀ ਦੇ ਮਾਪੇ ਵਿਆਹ ਤੋਂ ਬਾਅਦ ਉਸ ਨੂੰ ਆਪਣੇ ਘਰ ਵਸਣ ਦੀ ਸਲਾਹ ਦਿੰਦੇ ਸਨ, ਪਰ ਅੱਜ-ਕੱਲ੍ਹ ਮਾਪੇ ਬੱਚਿਆਂ ਦੇ ਨਿੱਕੇ-ਨਿੱਕੇ ਝਗੜਿਆਂ ਵਿੱਚ ਤੁਰੰਤ ਕੁੱਦ ਪੈਂਦੇ ਹਨ। ਹਰ ਛੋਟੀ ਗੱਲ 'ਤੇ ਅਦਾਲਤ ਜਾਂ ਪੁਲਿਸ ਕੋਲ ਪਹੁੰਚਣ ਦੀ ਕਾਹਲ ਅਤੇ ਅੜੀਅਲ ਵਤੀਰਾ ਰਿਸ਼ਤੇ ਨੂੰ ਸੁਧਰਨ ਦਾ ਮੌਕਾ ਹੀ ਨਹੀਂ ਦਿੰਦਾ। ਦੂਜੇ ਪਾਸੇ, ਵਿਆਹਾਂ ਉੱਤੇ ਕੀਤਾ ਜਾਣ ਵਾਲਾ ਅੰਨ੍ਹੇਵਾਹ ਦਿਖਾਵਾ ਅਤੇ ਦਾਜ-ਦਹੇਜ ਦੀ ਲਾਲਸਾ ਵੀ ਵੱਡਾ ਕਾਰਨ ਹੈ। ਵਿਆਹ ਦੇ ਸ਼ੁਰੂਆਤੀ ਦਿਨਾਂ ਵਿੱਚ ਹੀ ਲੱਖਾਂ-ਕਰੋੜਾਂ ਰੁਪਏ ਦੇ ਲੈਣ-ਦੇਣ ਅਤੇ ਉਮੀਦਾਂ ਪੂਰੀਆਂ ਨਾ ਹੋਣ ਕਾਰਨ ਦੋਵਾਂ ਪਰਿਵਾਰਾਂ ਵਿੱਚ ਕੜਵਾਹਟ ਘੁਲ ਜਾਂਦੀ ਹੈ, ਜੋ ਬਾਅਦ ਵਿੱਚ ਤਲਾਕ ਦੇ ਕੇਸਾਂ ਅਤੇ ਦਾਜ ਦੇ ਮੁਕੱਦਮਿਆਂ ਵਿੱਚ ਬਦਲ ਜਾਂਦੀ ਹੈ।

ਇਸ ਤਰ੍ਹਾਂ ਉਪਰੋਕਤ ਚਰਚਾ ਦੇ ਸਿੱਟੇ ਵਜੋਂ ਕਿਹਾ ਜਾ ਸਕਦਾ ਹੈ ਕਿ ਤਲਾਕ ਦੇ ਮਾਮਲਿਆਂ ਦਾ ਵਧਣਾ ਜਿੱਥੇ ਇੱਕ ਪਾਸੇ ਔਰਤਾਂ ਦੀ ਵਧ ਰਹੀ ਆਜ਼ਾਦੀ ਅਤੇ ਜਾਗਰੂਕਤਾ ਦਾ ਪ੍ਰਤੀਕ ਹੈ, ਉੱਥੇ ਹੀ ਦੂਜੇ ਪਾਸੇ ਇਹ ਸਾਡੇ ਪਰਿਵਾਰਕ ਅਤੇ ਸਮਾਜਿਕ ਢਾਂਚੇ ਦੇ ਟੁੱਟਣ ਦਾ ਇੱਕ ਗੰਭੀਰ ਸੰਕੇਤ ਵੀ ਹੈ। ਜੇਕਰ ਅਸੀਂ ਆਪਣੇ ਸਮਾਜ ਨੂੰ ਬਚਾਉਣਾ ਹੈ ਤਾਂ ਸਾਨੂੰ ਵਿਆਹ ਵਰਗੇ ਪਵਿੱਤਰ ਬੰਧਨ ਵਿੱਚ ਬੱਝਣ ਤੋਂ ਪਹਿਲਾਂ ਨੌਜਵਾਨਾਂ ਦੀ ਸਹੀ ਕਾਊਂਸਲਿੰਗ ਕਰਨੀ ਪਵੇਗੀ ਅਤੇ ਰਿਸ਼ਤਿਆਂ ਵਿੱਚ ਪਿਆਰ, ਸਬਰ, ਸੰਜਮ ਅਤੇ ਇੱਕ-ਦੂਜੇ ਪ੍ਰਤੀ ਸਤਿਕਾਰ ਦੀ ਭਾਵਨਾ ਨੂੰ ਮੁੜ ਜਗਾਉਣਾ ਪਵੇਗਾ, ਤਾਂ ਜੋ ਪੰਜਾਬ ਦੇ ਘਰਾਂ ਨੂੰ ਉੱਜੜਨ ਤੋਂ ਬਚਾਇਆ ਜਾ ਸਕੇ।



**ਰਮਨਦੀਪ ਕੌਰ ਮਾਨ**
**ਮੌੜ ਮੰਡੀ (ਬਠਿੰਡਾ)**
**ਮੋਬਾਈਲ 9876349858**

# ਡੀ.ਸੀ. ਵੱਲੋਂ ਸ਼ਾਂਤੀਪੂਰਨ ਅਤੇ ਸੁਚਾਰੂ ਚੋਣਾਂ ਲਈ ਵੋਟਰਾਂ, ਪੋਲਿੰਗ ਸਟਾਫ਼ ਅਤੇ ਉਮੀਦਵਾਰਾਂ ਦਾ ਧੰਨਵਾਦ

**ਐਸ.ਬੀ.ਐਸ. ਨਗਰ, 26 ਮਈ(ਜਤਿੰਦਰ ਪਾਲ ਸਿੰਘ ਕਲੇਰ )** ਡਿਪਟੀ ਕਮਿਸ਼ਨਰ ਗੁਲਪ੍ਰੀਤ ਸਿੰਘ ਔਲਖ ਨੇ ਅੱਜ ਆਜ਼ਾਦ, ਨਿਰਪੱਖ ਅਤੇ ਸ਼ਾਂਤੀਪੂਰਨ ਢੰਗ ਨਾਲ ਨਗਰ ਕੌਂਸਲ ਚੋਣਾਂ ਕਰਵਾਉਣ ਵਿੱਚ ਸਹਿਯੋਗ ਦੇਣ ਲਈ ਵੋਟਰਾਂ, ਪੋਲਿੰਗ ਅਤੇ ਸੁਰੱਖਿਆ ਸਟਾਫ਼, ਉਮੀਦਵਾਰਾਂ ਅਤੇ ਰਾਜਨੀਤਿਕ ਪਾਰਟੀਆਂ ਦਾ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਪੋਲਿੰਗ ਪੂਰੀ ਤਰ੍ਹਾਂ ਸ਼ਾਂਤੀਪੂਰਨ ਰਹੀ ਅਤੇ ਜ਼ਿਲ੍ਹੇ ਦੇ ਕਿਸੇ ਵੀ ਪੋਲਿੰਗ ਬੂਥ ਤੋਂ ਕਿਸੇ ਵੀ ਅਣਸੁਖਾਵੀਂ ਘਟਨਾ ਦੀ ਕੋਈ ਰਿਪੋਰਟ ਪ੍ਰਾਪਤ ਨਹੀਂ ਹੋਈ। ਡੀ.ਸੀ. ਨੇ ਕਿਹਾ ਕਿ ਸਵੇਰੇ 8 ਵਜੇ ਸ਼ੁਰੂ ਹੋਈ ਵੋਟਿੰਗ ਸ਼ਾਮ 5 ਵਜੇ ਤੱਕ ਸ਼ਾਂਤੀਪੂਰਵਕ ਢੰਗ ਨਾਲ



ਮੁਕੰਮਲ ਹੋਈ ਅਤੇ ਵੋਟਿੰਗ ਦੌਰਾਨ ਹਿੰਸਾ ਦੀ ਕੋਈ ਘਟਨਾ ਸਾਹਮਣੇ ਨਹੀਂ ਆਈ। ਉਨ੍ਹਾਂ ਕਿਹਾ ਕਿ ਅੱਜ ਦੀ ਪੋਲਿੰਗ ਲਈ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਸੁਰੱਖਿਆ ਦੇ ਪੁਖਤਾ ਪ੍ਰਬੰਧ ਕੀਤੇ ਗਏ ਸਨ ਅਤੇ ਇਸ ਵੱਡੀ ਲੋਕਤੰਤਰੀ ਪ੍ਰਕਿਰਿਆ ਨੂੰ ਸਫ਼ਲਤਾਪੂਰਵਕ ਨੇਪਰੇ ਚਾੜ੍ਹਨ ਲਈ ਵੱਡੀ ਗਿਣਤੀ ਵਿੱਚ ਪੋਲਿੰਗ ਅਤੇ ਸੁਰੱਖਿਆ ਕਰਮਚਾਰੀ ਤਾਇਨਾਤ ਕੀਤੇ ਗਏ ਸਨ। ਉਨ੍ਹਾਂ ਸਮੂਹ ਰਾਜਨੀਤਿਕ ਪਾਰਟੀਆਂ ਦਾ ਵਿਸ਼ੇਸ਼ ਤੌਰ ’ਤੇ ਧੰਨਵਾਦ ਕਰਦਿਆਂ ਕਿਹਾ ਕਿ ਪੋਲਿੰਗ ਸਟਾਫ਼ ਅਤੇ ਪੁਲਿਸ ਪ੍ਰਸ਼ਾਸਨ ਨੇ ਨਿਰਪੱਖ ਅਤੇ ਸੁਚਾਰੂ ਵੋਟਿੰਗ ਯਕੀਨੀ ਬਣਾਉਣ ਵਿੱਚ ਅਹਿਮ ਭੂਮਿਕਾ ਨਿਭਾਈ ਹੈ। ਉਨ੍ਹਾਂ ਸ਼ਾਂਤੀਪੂਰਨ ਢੰਗ ਨਾਲ ਚੋਣਾਂ ਕਰਵਾਉਣ ਵਿੱਚ ਸਹਿਯੋਗ ਦੇਣ ਲਈ ਵੋਟਰਾਂ ਨੂੰ ਵੀ ਵਧਾਈ ਦਿੱਤੀ।

# ਕੁੜੀਏ ਪੰਜਾਬ ਦੀਏ



ਗੁੱਤ ਨਾਗਣੀ ਫਰਾਟੇ ਮਾਰਦੀ ,
ਤੇਰੇ ਨੈਣ ਚੋਬਰਾਂ ਨੂੰ ਠੱਗਦੇ ।
ਨਿੱਤ ਮਾਪਿਆਂ ਤੋਂ ਖਾਣ ਝਿੜਕਾਂ,
ਨਾਲ਼ੇ ਮੇਹਣੇ ਝੱਲਦੇ ਨੇ ਜੱਗ ਦੇ।
ਗੱਲਾਂ ਤੇਰੇ ਰੰਗ ਰੂਪ ਦੀਆਂ ,
ਨਿੱਤ ਹੱਟੀਆਂ 'ਤੇ ਹੋਣ ਲੱਗੀਆਂ ;
ਤੇਰੇ ਮੁੱਖ ਦਾ ਜਲੌਅ ਵੇਖ ਕੇ ,
ਚੰਨ ਸੂਰਜ ਵੀ ਫਿੱਕੇ ਲੱਗਦੇ ।

**ਮੂਲ ਚੰਦ ਸ਼ਰਮਾ ਪ੍ਰਧਾਨ ,**
**ਪੰਜਾਬੀ ਸਾਹਿਤ ਸਭਾ ਧੂਰੀ ਜ਼ਿਲ੍ਹਾ**
**ਸੰਗਰੂਰ -9914836037**

## ਮਾਂ (.ਗਜ਼ਲ)

ਮਾਂ ਦੀ ਦੁਆ ਤੋਂ ਵੱਡੀ ਨਾ ਕੋਈ ਦਵਾ ਹੁੰਦੀ ਹੈ
ਹਰ ਰੋਗ, ਹਰ ਇੱਕ ਜ਼ਖ਼ਮ ਦੀ ਉਹ ਹੀ ਸ਼ਿਫ਼ਾ ਹੁੰਦੀ ਹੈ

ਜਦ ਧੁੱਪ ਸਿਰ ਤੋਂ ਲੰਘ ਕੇ ਰੂਹਾਂ ਤਕ ਪਹੁੰਚ ਜਾਵੇ
ਮਾਂ ਦੀ ਹੀ ਯਾਦ ਤਪਦੀਆਂ ਰਾਹਾਂ 'ਚ ਛਾਂ ਹੁੰਦੀ ਹੈ

ਬੱਚਾ ਕਿਸੇ ਵੀ ਉਮਰ ਦਾ ਹੋਵੇ, ਕਿਸੇ ਵੀ ਸ਼ਹਿਰ
ਮਾਂ ਲਈ ਤਾਂ ਉਸ ਦੀ ਤਕਲੀਫ਼ ਸਜ਼ਾ ਹੁੰਦੀ ਹੈ

ਸੱਜਣ, ਵਫ਼ਾਵਾਂ, ਰਿਸ਼ਤੇ, ਦੁਨੀਆ ਦੇ ਸਭ ਕਾਇਦੇ
ਮਾਂ ਦੀ ਮੁਹੱਬਤ ਸਭ ਤੋਂ ਹੀ ਜੁਦਾ ਹੁੰਦੀ ਹੈ

ਮਸਜਿਦ ਅਜ਼ਾਨ, ਮੰਦਰਾਂ ਵਿੱਚ ਘੰਟੀਆਂ ਦੀ ਧੁਨ
ਮਾਂ ਦੀ ਸਦਾ ਵਿੱਚ ਸ਼ਾਮਿਲ ਹਰ ਇੱਕ ਦੁਆ ਹੁੰਦੀ ਹੈ

ਪੈਰਾਂ ਦੇ ਹੇਠ ਜੰਨਤਾਂ ਦਾ ਜ਼ਿਕਰ ਇਉਂ ਹੀ ਨਹੀਂ
ਧਰਤੀ 'ਤੇ ਮਾਂ ਹੀ ਰੱਬ ਦੀ ਮਰਜ਼ੀ, ਰਜ਼ਾ ਹੁੰਦੀ ਹੈ

ਦੁਨੀਆ ਦੀਆਂ ਸਭ ਜੰਗਾਂ, ਸਭ ਜਿੱਤਾਂ ਅਧੂਰੀਆਂ
ਜਦ ਘਰ 'ਚ ਬੈਠੀ ਮਾਂ ਦੀ ਅੱਖ ਖ਼ਫ਼ਾ ਹੁੰਦੀ ਹੈ

ਮਾਂ ਮਰ ਕੇ ਵੀ ਨਹੀਂ ਮਰਦੀ ਹੈ ਅਸਲ ਦੇ ਵਿੱਚ
ਔਲਾਦ ਦੇ ਸਾਹਾਂ ਵਿੱਚ ਉਹ ਬਣ ਕੇ ਹਵਾ ਹੁੰਦੀ ਹੈ



**.ਗਜ਼ਲਗੋ: ਗੁਰਪ੍ਰੀਤ ਸਿੰਘ ਬਿਲਿੰਗ**
**ਮੋਬਾਇਲ: 75086-98066**

## ਗੀਤ

ਨਾ ਸੋਚ ਸੋਚ ...ਤੂੰ ਏਂ ਕਾਕਰੋਚ
ਓਏ ਜਵਾਨਾਂ ...ਨਾ ਤੂੰ ਸੋਚ ਸੋਚ
ਪੁੱਤਰ ਤੂੰ ਪੰਜਾਬ ਦਾ , ਤੂੰ ਅੰਸ਼ ਆਕਾਲ ਦਾ
ਤੂੰ ਖੰਡੇ ਦੀ ਧਾਰ ਹੈਂ , ਤੇਜ਼ ਜਾਹੋ-ਜਲਾਲ ਦਾ
ਤੂੰ ਸ਼ੇਰ ਪੰਜਾਬ ਦਾ.....
ਰਾਹ ਦਰਿਆ ਦਾ ਮੋੜਦੇ , ਤੂਫ਼ਾਨਾਂ ਦੇ ਵੇਗ
ਸ਼ਰਨ ਪਏ ਨੂੰ ਦੇਗ਼ ਦੇ , ਚੜ੍ਹ ਆਏ ਨੂੰ ਤੇਗ਼
ਤੇਰੀ ਇਕ ਦਹਾੜ ਹੀ , ਜਵਾਬ ਸੌ ਸਵਾਲ ਦਾ
ਤੂੰ ਹੈਂ ਸ਼ੇਰ ਪੰਜਾਬ ਦਾ..............
ਤੇਰਾ ਰੱਤ ਬਗ਼ਾਵਤੀ , ਰੋਹ ਭਰੀ ਤਾਸੀਰ
ਜੋ ਅੜਿਆ ਸੋ ਝੜ ਗਿਆ, ਤੋੜ ਦਵੇਂ ਨਕਸੀਰ
ਕਿਰਤੀ ਹੈਂ ਕਿਸਾਨ ਤੂੰ , ਤੇਰਾ ਰਿਜਕ ਹਲਾਲ ਦਾ
ਤੂੰ ਹੈਂ ਜਵਾਨ ਪੰਜਾਬ ਦਾ..............
ਇਕ ਹੱਥ ਤਸਬੀਹ ਤੇਗ਼ ਹੈ, ਤਲ਼ੀ ਦੇ ਉਪਰ ਸੀਸ
ਕਰਦੈਂ ਖੁਦ ਇਨਸਾਫ਼ ਤੂੰ, ਦਇਆਵਾਨ ਬਖ਼ਸ਼ੀਸ
ਬਾਜ਼ ਜਿਹੀ ਪਰਵਾਜ਼ ਹੈ, ਤੇ ਕਿਰਦਾਰ ਕਮਾਲ ਦਾ
ਤੂੰ ਹੈ ਜਵਾਨ ਪੰਜਾਬ ਦਾ........
ਫਤਵਾ ਤੇਰੀ ਮੌਤ ਦਾ , ਲੈ ਘੁੰਮੇ ਹੁਕਮਰਾਨ
ਦਸਤਾਰ ਸਿਰੋਂ ਰੇਤਗੜ੍ਹ, ਲਾਹ ਰਹੇ ਬੇਈਮਾਨ
ਕਿਰਦਾਰ ਕੁਸ਼ੀ ਜ਼ੋਰ ਤੇ,, ਵੈਰੀ ਸੱਤਾ,ਸੰਭਾਲ ਦਾ
ਤੂੰ ਹੈਂ ਜਵਾਨ ਪੰਜਾਬ ਦਾ.....



**ਬਲਜਿੰਦਰ ਸਿੰਘ**
**"ਬਾਲੀ ਰੇਤਗੜ੍ਹ "**
**919465129168**

## "ਖਜੂਰ ਦੇ ਰੁੱਖ"

ਬੂਥਾਂ ਉੱਤੇ ਬੈਠੇ ਇੱਕ
ਦੂਜੇ ਨੂੰ ਘੂਰਦੇ
ਵੋਟਰਾਂ ਨੂੰ ਵੇਖ-ਵੇਖ
ਦੇਖੋ ਅੱਜ ਝੂਰਦੇ
ਪੈਰਾਂ ਵਿੱਚ ਪਏ ਨੇ
ਜਿਹੜੇ ਰੁੱਖ ਸੀ ਖਜ਼ੂਰ ਦੇ
ਪੰਜ ਸਾਲ ਬਾਅਦ ਯਾਦ ਆਈ
ਗਲੀ ਦੀ ਟੁੱਟੀ ਨਾਲੀ
ਹੱਥ ਜੋੜੀ ਖੜ੍ਹੇ ਨੇ
ਜਿਨ੍ਹਾਂ ਕਦੇ ਨਾ ਪਾਈ ਤਾਲੀ
ਕੁਰਸੀ ਦੀ ਭੁੱਖ 'ਚ
ਰਿਸ਼ਤੇ ਸਾਰੇ ਭੁੱਲਦੇ
ਵੋਟਾਂ ਵਾਲੇ ਦਿਨ ਹੀ
ਇਹ ਨੀਵੇਂ ਹੋ ਕੇ ਝੁੱਲਦੇ
ਖਜੂਰ ਦੇ ਰੁੱਖ ਵਾਂਗੂੰ
ਛਾਂ ਵੀ ਨਾ ਦੇਣ ਵਾਲੇ
ਫਲ ਲੱਗਣ ਤਾਂ ਦੂਰ
ਕੰਡੇ ਹੀ ਕੰਡੇ ਪਾਲੇ
ਅੱਜ ਪੈਰਾਂ 'ਚ ਪਏ ਨੇ
ਕੱਲ੍ਹ ਸਿਰ 'ਤੇ ਚੜ੍ਹ ਜਾਣਗੇ
ਬਣ ਕੇ ਭਰਿੰਡ
ਗੁਰਮੀਤ, ਨਾਲ ਲੜ ਜਾਣਗੇ।



**ਗੁਰਮੀਤ ਡੁਮਾਣਾ**
**ਲੋਹੀਆਂ ਖਾਸ, ਜਲੰਧਰ**


# ਕੌਕਰੋਚ



ਕੌਕਰੋਚ ਆਇਆ ਕੌਕਰੋਚ ਆਇਆ,
ਚਾਲ ਦੇਖ ਹਾਕਮ ਘਬਰਾਇਆ,
ਮੰਨਦੇ ਹਾਂ ਇਹ ਗੰਦ ਵਿੱਚ ਰਹਿੰਦਾ,
ਪਰ ਗੰਦਗੀ ਦਾ ਇਹ ਕਰੇ ਸਫਾਇਆ,
ਜਿੱਥੇ ਗੰਦਗੀ ਜਮਾ ਹੋ ਗਈ,
ਉੱਥੇ ਹੀ ਇਸਨੇ ਡੇਰਾ ਲਾਇਆ,
ਦੁਖੀ ਲੋਕਾਂ ਦੇ ਮੁੱਦੇ ਚੁੱਕਕੇ,
ਸੁਧਾਰ ਕਰਨ ਦਾ ਜਾਲ ਵਿਛਾਇਆ,
ਜੋ ਸਵਾਲ ਖੜੇ ਸੀ ਕਈ ਸਾਲਾਂ ਤੋਂ,
ਕਿਸੇ ਨਾ ਇਹਨਾਂ ਦਾ ਹੱਲ ਕਰਵਾਇਆ,
ਦੁਖੀ ਲੋਕੋ ਇਹਦਾ ਕਰੋ ਸਵਾਗਤ,
ਐਵੇਂ ਨਹੀਂ ਇਸ ਸ਼ੋਰ ਮਚਾਇਆ,
ਗੰਦ ਸਾਫ ਕਰਨ ਲਈ ਲੋਕੋ ਗੰਦ ਵਿੱਚ ਹੀ
ਉਤਰਨਾ ਪੈਂਦਾ,
ਸਾਫ ਸੁਥਰੇ ਜੀਵਾਂ ਨੂੰ ਛੱਡਕੇ,
ਏਸੇ ਲਈ ਕੌਕਰੋਚ ਅਖਵਾਇਆ,
ਕੌਕਰੋਚ ਆਇਆ ਕੌਕਰੋਚ ਆਇਆ,
ਚਾਲ ਦੇਖ ਹਾਕਮ ਘਬਰਾਇਆ,



**ਹਰੀਸ਼ ਕੁਮਾਰ**
**9465023000**



# ਸਤਿਗੁਰੂ ਭੂਰੀਵਾਲੇ ਮਹਾਰਾਜ ਕੁਟੀਆ ਰੈਲ ਮਾਜਰਾ ਤੋਂ ਪੀ ਜੀ ਆਈ ਚੰਡੀਗੜ੍ਹ ਲਈ ਲੰਗਰ ਸੇਵਾ ਭੇਜੀ ਗਈ



**ਨਵਾਂਸ਼ਹਿਰ /ਕਾਠਗੜ੍ਹ 26 ਮਈ (ਜਤਿੰਦਰ ਪਾਲ ਸਿੰਘ ਕਲੇਰ )** ਪਿੰਡ ਰੈਲ ਮਾਜਰਾ ਦੀ ਸੰਗਤਾਂ ਵਲੋਂ ਹਰ ਸਾਲ ਦੀ ਤਰ੍ਹਾਂ ਸਤਿਗੁਰੂ ਲਾਲ ਦਾਸ ਬ੍ਰਹਮਾ ਨੰਦ ਜੀ ਮਹਾਰਾਜ ਭੂਰੀਵਾਲਿਆਂ ਦੀ ਯਾਦ ਨੂੰ ਸਮਰਪਿਤ ਪੀ ਜੀ ਆਈ ਚੰਡੀਗੜ੍ਹ ਲਈ ਲੰਗਰ ਸੇਵਾ ਭੇਜੀ ਗਈ। ਸੰਗਤਾਂ ਦੇ ਸਹਿਯੋਗ ਨਾਲ ਲੰਗਰਾਂ ਦੀ ਸੇਵਾ ਕੜੀ ਤਹਿਤ ਇਹ ਸੇਵਾ ਹਰ ਸਾਲ ਭੇਜੀ ਜਾਂਦੀ ਹੈ। ਸਵੇਰ ਸਮੇਂ ਤੋਂ ਸੰਗਤਾਂ ਦੁਆਰਾ ਇਹ ਲੰਗਰ ਤਿਆਰ ਕਰਨੇ ਸ਼ੁਰੂ ਕੀਤੇ ਗਏ ਸਨ। ਦੁਪਹਿਰ ਸਮੇਂ ਆਰਤੀ ਕਰਨ ਤੋਂ ਬਾਅਦ ਲੰਗਰ ਵਾਲੀ ਗੱਡੀ ਨੂੰ ਰਵਾਨਾ ਕੀਤਾ ਗਿਆ। ਸੇਵਾਦਾਰਾਂ ਵਿੱਚ ਸਾਬਕਾ ਸਰਪੰਚ ਦੌਲਤ ਰਾਮ, ਸਾਬਕਾ ਸਰਪੰਚ ਸੇਠੀ ਚੌਧਰੀ, ਚੌਧਰੀ ਮਹਿੰਦਰ ਸਿੰਘ, ਕਰਨੈਲ ਸਿੰਘ ਭੂੰਬਲਾ, ਸੁਖਵਿੰਦਰ ਬਬਲੀ, ਸੋਹਨ ਲਾਲ, ਗੁਰਨਾਮ ਗਾਮਾ, ਭਗਤ ਗਿਆਨ ਜੀ,ਬੀਰਾ ਕੁਮੈਂਟੇਟਰ ਰੈਲ ਮਾਜਰਾ, ਗੁਰਵਿੰਦਰ, ਗੁਰਮੇਲ ਗੋਗੀ, ਕੁਲਵਿੰਦਰ ਕਿੰਦਾ ਅਤੇ ਵੱਡੀ ਗਿਣਤੀ ਵਿੱਚ ਔਰਤਾਂ ਅਤੇ ਬੱਚੇ ਹਾਜ਼ਰ ਸਨ।

# ਸਲਾਨਾ 17ਵਾਂ ਉਰਸ (ਮੇਲਾ) ਦਰਗਾਹ ਸ਼ਰੀਫ ਬਾਕਰਪੁਰ

**ਮੋਹਾਲੀ ਬਾਕਰਪੁਰ (ਹਰਜਿੰਦਰ ਪਾਲ ਛਾਬੜਾ)** ਗੱਦੀ ਨਸ਼ੀਨ ਗੁਲਾਮ ਸਾਈਂ ਸੁਰਿੰਦਰ ਸ਼ਾਹ ਜੀ ਨੇ ਜਾਣਕਾਰੀ ਦਿੰਦਿਆ ਦਸਿਆ ਕਿ ਹਰ ਸਾਲ ਦੀ ਤਰ੍ਹਾ ਇਸ ਸਾਲ ਵੀ ਸਲਾਨਾ 17 ਵਾਂ ਉਰਸ (ਮੇਲਾ) ਦਰਗਾਹ ਸ਼ਰੀਫ ਬਾਕਰਪੁਰ ਸਥਾਨ: ਗੁੱਗਾ ਮੈੜੀ ਦਰਗਾਹ ਸ਼ਰੀਫ, ਪਿੰਡ ਬਾਕਰਪੁਰ ਐਰੋਸਿਟੀ (ਮੋਹਾਲੀ) ਵਿਖੇ ਕਰਵਾਇਆ ਜਾਵੇਗਾ। ਸਵਰਗਵਾਸੀ ਮਾਤਾ ਇੰਦਰਜੀਤ ਕੌਰ ਜੀ ਦੀ ਯਾਦ ਵਿੱਚ ਵਿਸ਼ਾਲ ਖੂਨਦਾਨ ਕੈਂਪ 28-05-2026 ਸਵੇਰੇ 09:00 ਵਜੇ ਲੱਗੇਗਾ । ਕਵਾਲੀਆਂ ਦਾ ਪ੍ਰੋਗਰਾਮ ਮਿਤੀ 29-05-2026 ਨੂੰ ਸਵੇਰੇ 9:00 ਵਜੇ ਤੋ ਲੈਕੇ ਸ਼ਾਮ 8:00 ਵਜੇ ਤੱਕ ਹੋਵੇਗਾ । ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ 51 ਲੋੜ ਵੰਦ ਲੜਕੀਆਂ ਦੇ ਆਨੰਦ ਕਾਰਜ ਮਿਤੀ : 27-05-2026 ਨੂੰ ਦਰਗਾਹ ਸ਼ਰੀਫ ਬਾਕਰਪੁਰ ਦੇ ਵਲੋਂ ਕਰਵਾਏ ਜਾ ਰਹੇ ਹਨ। ਮੇਲੇ ਵਿੱਚ ਪੰਜਾਬ ਦੇ ਬਹੁਤ ਹੀ ਮਸ਼ਹੂਰ ਸਿੰਗਰ ਤੇ ਕਵਾਲ ਪਹੁੰਚ ਰਹੇ ਹਨ । ਸਮੂਹ ਸਾਧ ਸੰਗਤ ਨੂੰ ਬੇਨਤੀ ਕੀਤੀ ਜਾਂਦੀ ਹੈ, ਕੀ ਦਾਤਾ ਜੀ ਦੇ ਦਰਬਾਰ ਵਿਖੇ ਪਹੁੰਚ ਕੇ, ਪੀਰਾਂ ਦੇ ਘਰ ਤੋਂ ਖੁਸ਼ੀਆਂ ਪ੍ਰਾਪਤ ਕਰੋ।




# ਨਗਰ ਕੌਂਸਲ ਦੇ 15 ਵਾਰਡਾਂ ਲਈ 72.29% ਵੋਟਾਂ ਪੋਲ, ਵੋਟਾਂ ਦੀ ਗਿਣਤੀ 29 ਮਈ ਨੂੰ

**ਮੋਰਿੰਡਾ, 26 ਮਈ (ਸੁਖਵਿੰਦਰ ਸਿੰਘ ਹੈਪੀ)**– ਨਗਰ ਕੌਂਸਲ ਮੋਰਿੰਡਾ ਦੇ 15 ਵਾਰਡਾਂ ਦੀਆਂ ਚੋਣਾਂ ਲਈ ਵੋਟਾਂ ਪਾਉਣ ਦਾ ਕੰਮ ਅੱਜ ਪੂਰਨ ਤੌਰ 'ਤੇ ਸ਼ਾਂਤੀਪੂਰਵਕ ਨੇਪਰੇ ਚੜ੍ਹ ਗਿਆ। ਕੜਕਦੀ ਗਰਮੀ ਦੇ ਬਾਵਜੂਦ ਅੱਜ ਸਵੇਰੇ 8 ਵਜੇ ਤੋਂ ਹੀ ਵੋਟਰਾਂ ਵਿੱਚ ਭਾਰੀ ਉਤਸ਼ਾਹ ਦੇਖਿਆ ਗਿਆ ਅਤੇ ਲੋਕ ਸਵੇਰੇ ਹੀ ਪੋਲਿੰਗ ਸਟੇਸ਼ਨਾਂ 'ਤੇ ਲੰਮੀਆਂ ਕਤਾਰਾਂ ਵਿੱਚ ਖੜ੍ਹਨੇ ਸ਼ੁਰੂ ਹੋ ਗਏ ਸਨ। ਇਸ ਚੋਣ ਦੌਰਾਨ ਸ਼ਹਿਰ ਦੇ ਕੁੱਲ 19,202 ਵੋਟਰਾਂ ਵਿੱਚੋਂ 13,881 ਵੋਟਰਾਂ ਨੇ ਆਪਣੇ ਵੋਟ ਦੇ ਅਧਿਕਾਰ ਦਾ ਇਸਤੇਮਾਲ ਕੀਤਾ, ਜਿਸ ਨਾਲ ਕੁੱਲ ਪੋਲਿੰਗ 72.29 ਪ੍ਰਤੀਸ਼ਤ ਰਹੀ। ਚੋਣਾਂ ਦੌਰਾਨ ਵੱਖ-ਵੱਖ ਵਾਰਡਾਂ ਦੇ ਉਮੀਦਵਾਰਾਂ ਵੱਲੋਂ ਆਪਣੇ ਸਮਰਥਕਾਂ ਰਾਹੀਂ ਵੋਟਰਾਂ ਨੂੰ ਪੋਲਿੰਗ ਸਟੇਸ਼ਨਾਂ ਤੱਕ ਲਿਆਉਣ ਦੇ ਪੂਰੇ ਉਪਰਾਲੇ ਕੀਤੇ ਗਏ। ਗਰਮੀ ਦੇ ਮੌਸਮ ਨੂੰ ਮੁੱਖ ਰੱਖਦਿਆਂ ਜਿੱਥੇ ਪ੍ਰਸ਼ਾਸਨ ਵੱਲੋਂ ਸਾਰੇ ਪੋਲਿੰਗ ਬੂਥਾਂ 'ਤੇ ਸ਼ਾਮਿਆਨੇ ਅਤੇ ਪੀਣ ਵਾਲੇ ਸਾਫ਼ ਪਾਣੀ ਦੇ ਵਿਸ਼ੇਸ਼ ਪ੍ਰਬੰਧ ਕੀਤੇ ਗਏ ਸਨ, ਉੱਥੇ ਹੀ ਵੱਖ-ਵੱਖ ਉਮੀਦਵਾਰਾਂ ਵੱਲੋਂ ਵੀ ਵੋਟਰਾਂ ਲਈ ਠੰਢੇ-ਮਿੱਠੇ ਜਲ ਦੀਆਂ ਛਬੀਲਾਂ, ਲੱਸੀ ਅਤੇ ਕੋਲਡ ਡਰਿੰਕਸ ਦੇ ਪ੍ਰਬੰਧ ਕੀਤੇ ਹੋਏ ਸਨ।



ਇਸ ਮੌਕੇ ਐਸ.ਡੀ.ਐਮ. ਮੋਰਿੰਡਾ ਸ਼੍ਰੀ ਚੇਤਨ ਬੰਗੜ, ਤਹਿਸੀਲਦਾਰ ਸੁਰਿੰਦਰ ਪਾਲ ਸਿੰਘ ਪੰਨੂ, ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦੇ ਸਪੁੱਤਰ ਨਵਜੀਤ ਸਿੰਘ ਨਵੀ, ਸ਼੍ਰੋਮਣੀ ਅਕਾਲੀ ਦਲ ਹਲਕਾ ਸ਼੍ਰੀ ਚਮਕੌਰ ਸਾਹਿਬ ਦੇ ਇੰਚਾਰਜ ਹਰਮੋਹਨ ਸਿੰਘ ਸੰਧੂ ਅਤੇ ਭਾਜਪਾ ਦੀ ਸੀਨੀਅਰ ਆਗੂ ਮੇਜਰ ਅੰਜੂ ਬਾਲਾ ਸਿੰਘ ਸਮੇਤ ਵੱਖ-ਵੱਖ ਪਾਰਟੀਆਂ ਦੇ ਸੀਨੀਅਰ ਆਗੂਆਂ ਵੱਲੋਂ ਪੋਲਿੰਗ ਬੂਥਾਂ ਦਾ ਦੌਰਾ ਕਰਕੇ ਵੋਟਾਂ ਪਾਉਣ ਦੇ ਕੰਮ ਦਾ ਜਾਇਜ਼ਾ ਲਿਆ ਗਿਆ। ਵੋਟਾਂ ਪਾਉਣ ਦਾ ਸਰਕਾਰੀ ਸਮਾਂ ਸ਼ਾਮ 5 ਵਜੇ ਬੰਦ ਕਰ ਦਿੱਤਾ ਗਿਆ ਸੀ, ਪਰ ਵਾਰਡ ਨੰਬਰ 6, 11 ਅਤੇ 12 ਸਮੇਤ ਕਈ ਵਾਰਡਾਂ ਵਿੱਚ 5 ਵਜੇ ਤੋਂ ਬਾਅਦ ਵੀ ਵੋਟਰਾਂ ਦੀਆਂ ਲੰਬੀਆਂ ਕਤਾਰਾਂ ਲੱਗੀਆਂ ਹੋਈਆਂ ਸਨ, ਜਿਨ੍ਹਾਂ ਦੀ ਵੋਟ ਪ੍ਰਸ਼ਾਸਨ ਵੱਲੋਂ ਦੇਰ ਸ਼ਾਮ ਤੱਕ ਪਵਾਈ ਗਈ। ਚੋਣਾਂ ਪੂਰੀ ਤਰ੍ਹਾਂ ਅਮਨ-ਅਮਾਨ ਨਾਲ ਸਮਾਪਤ ਹੋਈਆਂ ਅਤੇ ਹੁਣ ਉਮੀਦਵਾਰਾਂ ਦੀ ਹਾਰ-ਜਿੱਤ ਦਾ ਫੈਸਲਾ 29 ਮਈ ਨੂੰ ਵੋਟਾਂ ਦੀ ਗਿਣਤੀ ਤੋਂ ਬਾਅਦ ਹੋਵੇਗਾ।

# ਪੁਲਿਸ ਚੌਂਕੀ ਅੱਪਰਾ ਦੇ ਬਾਹਰ ਵੱਖ ਵੱਖ ਦਰਜ ਮੁਕੱਦਮਿਆਂ ਵਿੱਚ ਫੜੀਆਂ ਗੱਡੀਆਂ ਨੂੰ ਲੱਗੀ ਅੱਗ

## ਅੱਗ ਲੱਗਣ ਦੇ ਕਾਰਣਾਂ ਦਾ ਨਹੀਂ ਲੱਗ ਸਕਿਆ ਪਤਾ

**ਫਿਲੌਰ/ਅੱਪਰਾ, 26 ਮਈ (ਦੀਪਾ)**–ਸਥਾਨਕ ਪੁਲਿਸ ਚੌਕੀ ਅੱਪਰਾ ਦੇ ਬਾਹਰ ਖੜੀਆਂ ਗੱਡੀਆਂ ਜੋ ਕਿ ਵੱਖ ਵੱਖ ਦਰਜ ਮੁਕੱਦਮਿਆਂ 'ਚ ਸ਼ਾਮਲ ਸਨ, ਨੂੰ ਅਚਾਨਕ ਅੱਗ ਲੱਗ ਗਈ। ਪ੍ਰਾਪਤ ਵੇਰਵਿਆਂ ਅਨੁਸਾਰ ਅੱਜ ਦੁਪਹਿਰ 1 ਵਜੇ ਉਕਤ ਚਾਰ ਗੱਡੀਆਂ ਨੂੰ ਅਚਾਨਕ ਅੱਗ ਲੱਗ ਗਈ। ਵੱਖ ਵੱਖ ਦਰਜ ਮੁਕੱਦਮਿਆਂ ਵਿੱਚ ਸ਼ਾਮਲ ਇਹ ਗੱਡੀਆਂ ਪਹਿਲਾਂ ਹੀ ਖਸਤਾ ਹਾਲਤ 'ਚ ਸਨ ਤੇ ਕਬਾੜ ਬਣ ਚੁੱਕੀਆਂ ਸਨ। ਮੌਕੇ 'ਤੇ ਮੌਜੂਦ ਪੁਲਿਸ ਮੁਲਾਜ਼ਮਾਂ ਨੇ ਦੱਸਿਆ ਕਿ ਗੱਡੀਆਂ ਨੂੰ ਅੱਗ ਲੱਗਣ ਦੇ ਕਾਰਣਾਂ ਦਾ ਪਤਾ ਨਹੀਂ ਲੱਗ ਸਕਿਆ।





# ਪੀਐਮ ਸ਼੍ਰੀ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਪਿੰਡ ਮਲੋਟ ਵਿਖੇ ਇੰਟਰਨੈਸ਼ਨਲ ਜੈਵਿਕ ਵਿਭਿੰਨਤਾ ਦਿਵਸ ਬੜੇ ਉਤਸ਼ਾਹ ਨਾਲ ਮਨਾਇਆ

**ਸ੍ਰੀ ਮੁਕਤਸਰ ਸਾਹਿਬ 25 ਮਈ 2026** - ਸਕੂਲ ਸਿੱਖਿਆ ਵਿਭਾਗ ਪੰਜਾਬ ਅਤੇ ਜ਼ਿਲ੍ਹਾ ਸਿੱਖਿਆ ਅਫ਼ਸਰ ਸ੍ਰੀ ਮੁਕਤਸਰ ਸਾਹਿਬ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਪੀਐਮ ਸ਼੍ਰੀ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਪਿੰਡ ਮਲੋਟ ਵਿਖੇ ਬਾਇਓਡਵਰਸਿਟੀ ਦਿਵਸ ਮਨਾਇਆ ਗਿਆ ਜਿਸ ਵਿੱਚ ਓਿਅਫ਼ਫ ੂਭ ਪੰਜਾਬ ਅਤੇ ਪੰਜਾਬ ਸਟੇਟ ਕਾਊਂਸਿਲ ਫਾਰ ਸਾਇੰਸ ਐਂਡ ਟੈਕਨੋਲੋਜੀ ਦੀਆਂ ਗਾਈਡਲਾਈਨਜ਼ ਅਨੁਸਾਰ ਵੱਖ ਵੱਖ ਐਕਟੀਵਿਟੀਜ ਕਰਵਾਈਆਂ ਗਈਆਂ। ਦਿਨ ਦੀ ਸ਼ੁਰੂਆਤ ਵਾਤਾਵਰਨ ਨਾਲ ਸਬੰਧਤ ਇੱਕ ਪਲੈਜ ਨਾਲ ਕੀਤੀ ਗਈ। ਜੈਵਿਕ ਵਿਭਿੰਨਤਾ ਦੇ ਵਿਸ਼ੇ ਤੇ ਸਕੂਲ ਦੇ ਪ੍ਰਿੰਸੀਪਲ ਮੈਡਮ ਸ਼੍ਰੀਮਤੀ ਕਮਲਾ ਦੇਵੀ ਜੀ ਨੇ ਵਿਦਿਆਰਥੀਆਂ ਨੂੰ ਸਮਝਾਇਆ ਕਿ ਕਿਸ ਤਰ੍ਹਾਂ ਵੱਖ-ਵੱਖ ਜੀਵਾਂ ਦੀਆਂ ਪ੍ਰਜਾਤੀਆਂ ਨੂੰ ਬਚਾਉਣਾ ਹੈ ਇਸ ਦੇ ਨਾਲ ਹੀ ਸਕੂਲ ਦੇ ਸਾਇੰਸ ਮਾਸਟਰ ਸ੍ਰੀ ਰਾਜਨ ਗੋਇਲ ਜੀ ਨੇ ਵਿਦਿਆਰਥੀਆਂ ਨੂੰ ਇਸ ਸਬੰਧੀ ਇੱਕ ਲੈਕਚਰ ਵੀ ਦਿ ੱ ਤਾ। ਵਿਦਿਆਰਥੀਆਂ ਨੂੰ ਸਮਝਾਇਆ ਕਿ ਕਿਸ ਤਰ੍ਹਾਂ ਤਾਪਮਾਨ ਵਧਣ ਨਾਲ ਕੁਝ ਪਰਜਾਤੀਆਂ ਅਲੋਪ ਹੋ ਰਹੀਆਂ ਹਨ। ਸਕੂਲ ਦੇ ਲੈਕਚਰਾਰ ਮੈਡਮ ਰਾਜਿੰਦਰ ਕੌਰ ਜੀ ਵਲੋਂ ਵਿਦਿਅਰਥੀਆ ਨੂੰ ਇਸ ਗਰਮੀ ਦੇ ਮੌਸਮ 'ਚ ਹੀਟ ਵੇਵ ਤੋਂ ਬਚਣ ਦੇ ਉਪਾਅ ਦੱਸੇ । ਉਸ ਤੋਂ ਬਾਅਦ ਵਿਦਿਆਰਥੀਆਂ ਦੀ ਪੰਛੀਆਂ ਦੇ ਨੈਸਟ ਬਣਾਉਣ ਦੀ ਵਰਕਸ਼ਾਪ ਲਗਾਈ ਗਈ ਜਿਸ ਵਿੱਚ ਲਗਭਗ 80 ਵਿਦਿਆਰਥੀਆਂ ਨੇ ਭਾਗ ਲਿਆ। ਸਾਰੀ ਸਮਗਰੀ ਸਕੂਲ ਵੱਲੋਂ ਹਾਜ਼ਰ ਕਰਵਾਈ ਗਈ। ਵਿਦਿਆਰਥੀਆਂ ਨੇ ਬਹੁਤ ਹੀ ਉਤਸਾਹ ਨਾਲ ਇਹ ਪੰਛੀਆਂ ਦੇ ਆਲ੍ਹਣੇ ਤਿਆਰ ਕੀਤੇ। ਮੈਡਮ ਨਵਜੋਤ ਕੌਰ ਅਤੇ ਮੈਡਮ ਪਰਵਿੰਦਰ ਨੇ





ਵਿਦਿਆਰਥੀਆਂ ਨੂੰ ਇਸ ਸਬੰਧੀ ਗਾਈਡਲਾਈਨਜ ਦਿੱਤੀਆਂ। ਸਕੂਲ ਦੇ ਲੈਕਚਰਾਰ ਮੈਡਮ ਸਤਿੰਦਰ ਕੌਰ, ਮੈਡਮ ਸ਼ਵੇਤਾ, ਮੈਡਮ ਕੁਲਵਿੰਦਰ ਕੌਰ ਨੇ ਵਿਦਿਆਰਥੀਆਂ ਨਾਲ ਬਾਇਓਡਵਰਸਿਟੀ ਬਾਰੇ ਡਿਟੇਲ ਵਿੱਚ ਜਾਣਕਾਰੀ ਸਾਂਝੀ ਕੀਤੀ ਅਤੇ ਵਿਦਿਆਰਥੀਆਂ ਨੂੰ ਰੈਲੀ ਦੌਰਾਨ ਸੰਬੋਧਨ ਵੀ ਕੀਤਾ ਜਿਸ ਨੂੰ ਵਿਦਿਆਰਥੀਆਂ ਨੇ ਬਹੁਤ ਹੀ ਵਧੀਆ ਢੰਗ ਨਾਲ ਸੁਣਿਆ ਅਤੇ ਪ੍ਰਣ ਲਿਆ ਕਿ ਭਵਿੱਖ ਵਿੱਚ ਇਸ ਉੱਤੇ ਅਮਲ ਕੀਤਾ ਜਾਵੇਗਾ। ਸਕੂਲ ਦੇ ਸਾਇੰਸ ਅਧਿਆਪਕ ਮੈਡਮ ਅਵਨੀਤ ਕੌਰ, ਮੈਡਮ ਤਰਨਬੀਰ ਕੌਰ ਅਤੇ ਦਾਨਿਸ਼ ਸਰ ਨੇ ਰੈਲੀ ਦਾ ਬਹੁਤ ਵਧੀਆ ਢੰਗ ਨਾਲ ਆਯੋਜਨ ਕੀਤਾ। ਵਿਦਿਆਰਥੀਆਂ ਨੂੰ ਰੈਲੀ ਦੌਰਾਨ ਰਿਫਰੈਸ਼ਮੈਂਟ ਵੀ ਦਿੱਤੀ ਗਈ ਅਤੇ ਪਿੰਡ ਦੇ ਵਾਟਰ ਵਰਕਸ ਵਿੱਚ ਵਿਦਿਆਰਥੀਆਂ ਦੀ ਵਿਜਿਟ ਵੀ ਕਰਵਾਈ ਗਈ ਜਿੱਥੇ ਵੱਖ-ਵੱਖ ਪੰਛੀਆਂ ਦੇ ਆਲ੍ਹਣਿਆਂ ਬਾਰੇ ਪਹਿਚਾਣ ਅਤੇ ਉਨਾਂ ਦੀ ਆਵਾਜ਼ ਬਾਰੇ ਜਾਣਕਾਰੀ ਪਿੰਡ ਦੇ ਰਿਟਾਇਰਡ ਟੀਚਰ ਸ੍ਰੀ ਕਾਂਸਲ ਵੱਲੋ ਦਿੱਤੀ ਗਈ ਅਤੇ ਕੁਝ ਪੰਛੀ ਦਿਖਾਏ ਵੀ ਗਏ। ਪਿੰਡ ਦੇ ਲੋਕਾਂ ਵੱਲੋਂ ਵੀ ਰੈਲੀ ਨੂੰ ਭਰਵਾਂ ਹੁੰਗਾਰਾ ਦਿੱਤਾ ਗਿਆ। ਪਿੰਡ ਵਿੱਚ ਵੀ ਕੁਝ ਨੈਸਟ ਵੰਡੇ ਗਏ ਤਾਂ ਜੋ ਇਹਨਾਂ ਵਿੱਚ ਕੁਝ ਪੰਛੀ ਆਪਣਾ ਆਵਾਸ ਸਥਾਨ ਬਣਾ ਸਕਣ। ਸਕੂਲ ਚ ਨਵੇਂ ਪੌਦੇ ਵੀ ਲਗਾਏ ਗਏ।ਇਸ ਦੇ ਨਾਲ ਹੀ ਵਿਦਿਆਰਥੀਆਂ ਦਾ ਇੱਕ ਪੋਸਟਰ ਮੇਕਿੰਗ ਕੰਪਟੀਸ਼ਨ ਵੀ ਕਰਵਾਇਆ ਗਿਆ। ਜਿਸ ਦਾ ਆਯੋਜਨ ਮੈਡਮ ਰਮਨੀਕ ਵੱਲੋਂ ਕੀਤਾ ਗਿਆ। ਜਿਸ ਦੀ ਮੁੱਖ ਥੀਮ ਸੀ ਬਾਇਓਡੀਵਰਸਟੀ। ਵਿਦਿਆਰਥੀਆਂ ਨੇ ਇਸ ਥੀਮ ਉੱਤੇ ਬਹੁਤ ਹੀ ਵਧੀਆ ਢੰਗ ਨਾਲ ਪੋਸਟਰ ਤਿਆਰ ਕੀਤੇ ਇਹਨਾਂ ਵਿੱਚੋਂ ਪਹਿਲੀਆਂ ਤਿੰਨ ਪੋਜੀਸ਼ਨਾਂ ਤੇ ਆਉਣ ਵਾਲੇ ਵਿਦਿਆਰਥੀਆਂ ਨੂੰ ਸਨਮਾਨਿਤ ਵੀ ਕੀਤਾ ਗਿਆ। ਸਕੂਲ ਦੇ ਪ੍ਰਿੰਸੀਪਲ ਮੈਡਮ ਸ਼੍ਰੀ ਮਤੀ ਕਮਲਾ ਦੇਵੀ ਜੀ ਨੇ ਇਸ ਮੌਕੇ ਜੇਤੂਆਂ ਨੂੰ ਇਨਾਮ ਵੰਡੇ ਅਤੇ ਉਮੀਦ ਕੀਤੀ ਕਿ ਭਵਿੱਖ ਵਿੱਚ ਅਜਿਹੇ ਵਾਤਾਵਰਣ ਨਾਲ ਸਬੰਧੀ ਦਿਨ ਇਸੇ ਤਰ੍ਹਾਂ ਮਨਾਉਂਦੇ ਰਹਾਂਗੇ। ਇਸ ਮੌਕੇ ਸਕੂਲ ਦੇ ਸਾਇੰਸ ਅਧਿਆਪਕ ਰਾਜਨ ਗੋਇਲ ਨੇ ਜਸਵਿੰਦਰ ਸ਼ਰਮਾ ਨਾਲ ਗੱਲਬਾਤ ਕਰਦੇ ਦੱਸਿਆ ਕਿ ਇਹ ਐਕਟੀਵਿਟੀਜ਼ ਓਿਅਫ਼ਫ ੂਭ ਪੰਜਾਬ ਦੇ ਸਹਿਯੋਗ ਨਾਲ ਕਰਵਾਈਆਂ ਗਈਆਂ ਹਨ। ਇਸ ਮੌਕੇ ਉਨਾਂ ਨੇ ਧੰਨਵਾਦ ਕੀਤਾ ਅਤੇ ਉਮੀਦ ਕੀਤੀ ਕਿ ਭਵਿੱਖ ਵਿੱਚ ਅਜਿਹੀ ਐਕਟੀਵਿਟੀਜ਼ ਲਈ ਸਕੂਲ ਹਮੇਸ਼ਾ ਤਿਆਰ ਰਹੇਗਾ।

# ਜੇਜੋਂ ਤੋਂ ਮਾਹਿਲਪੁਰ ਰੋਡ, ਨੰਗਲ ਤੋਂ ਗੜ੍ਹਸ਼ੰਕਰ ਰੋਡ 'ਤੇ ਮਾਈਨਿੰਗ ਮਟੀਰੀਅਲ ਲਿਜਾਣ ਵਾਲੇ ਟਿੱਪਰ/ਟਰੱਕਾਂ ਦੀ ਆਵਾਜਾਈ ਸ਼ਾਮ 7 ਵਜੇ ਤੋਂ ਸਵੇਰੇ 7 ਵਜੇ ਤੱਕ ਰਹੇਗੀ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਜ਼ਿਲ੍ਹਾ ਮੈਜਿਸਟਰੇਟ ਆਸ਼ਿਕਾ ਜੈਨ ਨੇ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ, 2023 ਦੀ ਧਾਰਾ 163 ਅਧੀਨ ਪ੍ਰਾਪਤ ਅਧਿਕਾਰਾਂ ਦੀ ਵਰਤੋਂ ਕਰਦਿਆਂ ਜ਼ਿਲ੍ਹੇ ਦੇ ਪਿੰਡ ਜੇਜੋਂ ਤੋਂ ਮਾਹਿਲਪੁਰ ਰੋਡ ਅਤੇ ਨੰਗਲ ਤੋਂ ਗੜ੍ਹਸ਼ੰਕਰ ਰੋਡ 'ਤੇ ਮਾਈਨਿੰਗ ਮਟੀਰੀਅਲ ਲਿਜਾਣ ਵਾਲੇ ਟਿੱਪਰ/ਟਰੱਕਾਂ ਨੂੰ ਕੇਵਲ ਸ਼ਾਮ 7 ਵਜੇ ਤੋਂ ਸਵੇਰੇ 7 ਵਜੇ ਤੱਕ ਆਵਾਜਾਈ ਦੀ ਆਗਿਆ ਦੇ ਹੁਕਮ ਜਾਰੀ ਕੀਤੇ ਹਨ ਅਤੇ ਇਸ ਸਮੇਂ ਤੋਂ ਇਲਾਵਾ ਇਨ੍ਹਾਂ ਸੜਕਾਂ 'ਤੇ ਮਾਈਨਿੰਗ ਮਟੀਰੀਅਲ ਲਿਜਾਣ ਵਾਲੇ ਟਿੱਪਰ/ਟਰੱਕਾਂ ਦੀ ਆਵਾਜਾਈ 'ਤੇ ਰੋਕ ਰਹੇਗੀ। ਜਾਰੀ ਹੁਕਮਾਂ ਅਨੁਸਾਰ ਜ਼ਿਲਾ ਪ੍ਰਸ਼ਾਸਨ ਦੇ ਧਿਆਨ ਵਿਚ ਆਇਆ ਹੈ ਕਿ ਜ਼ਿਲ੍ਹਾ ਹੁਸ਼ਿਆਰਪੁਰ ਵਿੱਚ ਪੈਂਦੇ ਮਾਹਿਲਪੁਰ ਰੋਡ ਅਤੇ ਨੰਗਲ ਤੋਂ ਗੜ੍ਹਸ਼ੰਕਰ ਰੋਡ 'ਤੇ ਮਾਈਨਿੰਗ ਮਟੀਰੀਅਲ ਲਿਜਾਣ ਵਾਲੇ ਟਿੱਪਰ/ਟਰੱਕਾਂ ਦੇ ਕਾਰਨ ਸੜਕਾਂ 'ਤੇ ਹਾਦਸੇ ਹੋ ਰਹੇ ਹਨ ਜਿਨ੍ਹਾਂ ਕਾਰਨ ਜਾਨੀ ਅਤੇ ਮਾਲੀ ਨੁਕਸਾਨ ਹੁੰਦਾ ਹੈ ਜਿਸ ਕਰਕੇ ਲੋਕ ਹਿੱਤਾਂ ਨੂੰ ਮੁੱਖ ਰੱਖਦੇ ਹੋਏ ਇਨ੍ਹਾਂ ਸੜਕਾਂ 'ਤੇ ਮਾਈਨਿੰਗ ਮਟੀਰੀਅਲ ਲਿਜਾਣ ਵਾਲੇ ਟਿੱਪਰ/ਟਰੱਕਾਂ ਦੀ ਆਵਾਜਾਈ ਨੂੰ ਸਮਾਂਬੱਧ ਤਰੀਕੇ ਨਾਲ ਚਲਾਉਣ ਦੀ ਜ਼ਰੂਰਤ ਹੈ। ਡਿਪਟੀ ਕਮਿਸ਼ਨਰ ਵਲੋਂ ਜਾਰੀ ਹੁਕਮਾਂ ਅਨੁਸਾਰ ਉਪ ਪੁਲਿਸ ਕਪਤਾਨ, ਗੜ੍ਹਸ਼ੰਕਰ ਇਹ ਯਕੀਨੀ ਬਣਾਉਣਗੇ ਕਿ ਟ੍ਰੈਫਿਕ ਪੁਲਿਸ ਵਲੋਂ ਟਿੱਪਰ/ਟਰੱਕਾਂ ਦੀ ਓਵਰਸਪੀਡ ਚੈਕ ਕੀਤੀ ਗਈ ਹੈ। ਰੀਜਨਲ ਟਰਾਂਸਪੋਰਟ ਅਥਾਰਟੀ, ਹੁਸ਼ਿਆਰਪੁਰ ਇਨ੍ਹਾਂ ਹੁਕਮਾਂ ਸਨਮੁੱਖ ਓਵਰਲੋਡਿੰਗ ਅਤੇ ਹੋਰ ਨਿਯਮਾਂ ਦੀ ਉਲੰਘਣਾ ਸਬੰਧੀ ਚੈਕਿੰਗ ਅਤੇ ਲੋੜੀਂਦੀ ਕਾਰਵਾਈ ਯਕੀਨੀ ਬਣਾਉਣਗੇ। ਕਾਰਜਕਾਰੀ ਇੰਜੀਨੀਅਰ, ਡਰੇਨੇਜ-ਕਮ-ਜ਼ਿਲ੍ਹਾ ਮਾਈਨਿੰਗ ਅਫ਼ਸਰ, ਹੁਸ਼ਿਆਰਪੁਰ ਅੰਤਰ-ਰਾਜੀ ਚੈਕ ਪੋਸਟਾਂ 'ਤਚ 24ਯ7 ਨਿਗਰਾਨੀ ਯਕੀਨੀ ਬਣਾਉਣਗੇ ਅਤੇ ਇਸ ਦੇ ਨਾਲ ਹੀ ਚੈਕ ਪੋਸਟ 'ਤੇ ਭਾਰ ਤੋਲਣ ਵਾਲੇ ਕੰਡੇ ਦੀ ਵਰਤੋਂ ਕਰਕੇ ਓਵਰਲੋਡਿੰਡ ਟਿੱਪਰਾਂ ਦੀ ਚੈਕਿੰਗ ਅਤੇ ਇਨ੍ਹਾਂ 'ਤੇ ਬਣਦੀ ਕਾਰਵਾਈ ਅਮਲ ਵਿਚ ਲਿਆਉਣਗੇ। ਇਹ ਹੁਕਮ 20 ਜੁਲਾਈ 2026 ਤੱਕ ਲਾਗੂ ਰਹਿਣਗੇ।



# ਅਮਰ ਸ਼ਹੀਦ ਸੰਤ ਰਾਮਾਨੰਦ ਜੀ ਦੀ ਬਰਸੀ ਨੂੰ ਸਮਰਪਿਤ ਔਜਲਾ ਢੱਕ ਵਿਖੇ ਠੰਢੇ ਮਿੱਠੇ ਜਲ ਦੀ ਛਬੀਲ ਲਗਾਈ

**ਫਿਲੌਰ/ਅੱਪਰਾ, 26 ਮਈ (ਦੀਪਾ)**–ਕਰੀਬੀ ਪਿੰਡ ਔਜਲਾ ਢੱਕ ਦੇ ਮੇਨ ਅੱਡਾ, ਜੋ ਕਿ ਮੁਕੰਦਪੁਰ ਤੋਂ ਫਗਵਾੜਾ ਮੁੱਖ ਮਾਰਗ ਤੇ ਸਥਿਤ ਹੈ, ਵਿਖੇ ਪਿੰਡ ਦੇ ਮੋਹਤਬਰਾਂ ਵਲੋਂ ਸੰਤ ਰਾਮਾਨੰਦ ਜੀ ਦੀ ਬਰਸੀ ਨੂੰ ਸਮਰਪਿਤ ਠੰਢੇ ਮਿੱਠੇ ਜਲ ਦੀ ਛਬੀਲ ਲਗਾਈ ਗਈ। ਇਸ ਮੌਕੇ ਕਾਲੇ ਛੋਲਿਆਂ ਦਾ ਲੰਗਰ ਵੀ ਵਰਤਾਇਆ ਗਿਆ। ਸਮੂਹ



ਪ੍ਰਬੰਧਕਾਂ ਨੇ ਰਾਹਗੀਰਾਂ ਨੂੰ ਠੰਢਾ ਮਿੱਠਾ ਜਲ ਛਕਾ ਕੇ ਅੱਤ ਦੀ ਗਰਮੀ ਵਿੱਚ ਰਾਹਗੀਰਾਂ ਦੇ ਤਪਦੇ ਹਿਰਦੇ ਠਾਰੇ। ਇਸ ਮੌਕੇ ਬਰਿੰਦਰ ਔਜਲਾ ਪੰਚ, ਸੁਖਦੇਵ ਸਿੰਘ, ਤੀਰਥ ਸਿੰਘ ਔਜਲਾ, ਬਲਿਹਾਰ ਰਾਮ, ਕ੍ਰਿਸਨ ਰਾਮ, ਦੇਸ ਰਾਜ, ਸਰਵਣ ਕੁਮਾਰ, ਸੀਸ ਕੁਮਾਰ, ਚਮਨ ਲਾਲ, ਮਿੰਟੂ, ਗੁਰਪ੍ਰੀਤ ਬਾਗਲਾ, ਨਾਥਾ ਰਾਮ, ਤਰਸੇਮ ਲਾਲ, ਬਿੰਦਰੀ, ਮੋਹਣ ਲਾਲ, ਸ਼ਿੰਦਰਪਾਲ, ਜਸਵਿੰਦਰ ਕੁਮਾਰ ਤੇ ਹੋਰ ਮੋਹਤਬਰ ਵੀ ਹਾਜ਼ਰ ਸਨ।

# ਡਿਪਟੀ ਕਮਿਸ਼ਨਰ ਵੱਲੋਂ ਬਲਾਚੌਰ ਦੀ ਇਮੀਗ੍ਰੇਸ਼ਨ ਫਰਮ ਦਾ ਲਾਇਸੈਂਸ ਰੱਦ

## ਲੋਕਾਂ ਨੂੰ ਇਮੀਗ੍ਰੇਸ਼ਨ ਸਬੰਧੀ ਸਲਾਹ ਲਈ ਸਿਰਫ ਲਾਇਸੈਂਸਸ਼ੁਦਾ ਫਰਮਾਂ ਕੋਲ ਹੀ ਜਾਣ ਦੀ ਅਪੀਲ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)** ਡਿਪਟੀ ਕਮਿਸ਼ਨਰ ਸ਼ਹੀਦ ਭਗਤ ਸਿੰਘ ਨਗਰ ਗੁਲਪ੍ਰੀਤ ਸਿੰਘ ਔਲਖ ਨੇ ਪੰਜਾਬ ਟਰੈਵਲ ਪ੍ਰੋਫੈਸ਼ਨਲਜ਼ ਰੈਗੂਲੇਸ਼ਨ ਐਕਟ, 2012 ਦੀਆਂ ਵਿਵਸਥਾਵਾਂ ਤਹਿਤ ਬਲਾਚੌਰ ਵਿਖੇ ਸਥਿਤ ਇਮੀਗ੍ਰੇਸ਼ਨ ਫਰਮ ਮੈਸਰਜ਼ ਬ੍ਰੈਂਪਟਨ ਇਮੀਗ੍ਰੇਸ਼ਨ ਐਂਡ ਆਈ.ਈ.ਐਲ.ਟੀ.ਐਸ. ਇੰਸਟੀਚਿਊਟ ਦਾ ਲਾਇਸੈਂਸ ਰੱਦ ਕਰ ਦਿੱਤਾ ਹੈ। ਡਿਪਟੀ ਕਮਿਸ਼ਨਰ ਵੱਲੋਂ ਜਾਰੀ ਅਧਿਕਾਰਤ ਹੁਕਮਾਂ ਅਨੁਸਾਰ ਫਰਮ ਦੇ ਮਾਲਕ ਵਰਿੰਦਰ ਕੁਮਾਰ ਬਜਾੜ ਨੇ ਖੁਦ ਹੀ ਸੰਸਥਾ ਨੂੰ ਜਾਰੀ ਕੀਤੇ ਲਾਇਸੈਂਸ ਨੂੰ ਰੱਦ ਕਰਨ ਲਈ ਅਰਜ਼ੀ ਦਿੱਤੀ ਸੀ। ਪੁਲਿਸ ਅਧਿਕਾਰੀਆਂ ਵੱਲੋਂ ਤਸਦੀਕ ਅਤੇ ਰਿਪੋਰਟ ਪੇਸ਼ ਕੀਤੇ ਜਾਣ ਤੋਂ ਬਾਅਦ ਜ਼ਿਲ੍ਹਾ ਪ੍ਰਸ਼ਾਸਨ ਨੇ ਪੰਜਾਬ ਟਰੈਵਲ ਪ੍ਰੋਫੈਸ਼ਨਲਜ਼ ਰੈਗੂਲੇਸ਼ਨ ਐਕਟ ਤਹਿਤ ਪ੍ਰਾਪਤ ਸ਼ਕਤੀਆਂ ਦੀ ਵਰਤੋਂ ਕਰਦਿਆਂ ਲਾਇਸੈਂਸ ਰੱਦ ਕਰ ਦਿੱਤਾ। ਲੋਕਾਂ ਦੇ ਹਿੱਤਾਂ ਦੀ ਰਾਖੀ ਲਈ



ਜ਼ਿਲ੍ਹਾ ਪ੍ਰਸ਼ਾਸਨ ਦੀ ਵਚਨਬੱਧਤਾ ਨੂੰ ਦੁਹਰਾਉਂਦਿਆਂ ਸ. ਔਲਖ ਨੇ ਕਿਹਾ ਕਿ ਜ਼ਿਲ੍ਹੇ ਵਿੱਚ ਇਮੀਗ੍ਰੇਸ਼ਨ ਸਬੰਧੀ ਗਤੀਵਿਧੀਆਂ ਵਿੱਚ ਸ਼ਾਮਲ ਗੈਰ-ਅਧਿਕਾਰਤ ਅਤੇ ਗੈਰ-ਰਜਿਸਟਰਡ ਫਰਮਾਂ ਵਿਰੁੱਧ ਸਖ਼ਤ ਕਾਰਵਾਈ ਜਾਰੀ ਰਹੇਗੀ। ਡਿਪਟੀ ਕਮਿਸ਼ਨਰ ਨੇ ਵਸਨੀਕਾਂ ਨੂੰ ਸੁਚੇਤ ਰਹਿਣ ਅਤੇ ਵੀਜ਼ਾ, ਵਿਦੇਸ਼ੀ ਸਿੱਖਿਆ ਅਤੇ ਹੋਰ ਇਮੀਗ੍ਰੇਸ਼ਨ ਸਬੰਧੀ ਸਲਾਹ ਲਈ ਸਿਰਫ ਲਾਇਸੈਂਸਸ਼ੁਦਾ ਤੇ ਅਧਿਕਾਰਤ ਇਮੀਗ੍ਰੇਸ਼ਨ ਫਰਮਾਂ ਕੋਲ ਹੀ ਪਹੁੰਚ ਕਰਨ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਪ੍ਰਸ਼ਾਸਨ ਇਮੀਗ੍ਰੇਸ਼ਨ ਖੇਤਰ ਵਿੱਚ ਗੈਰ-ਕਾਨੂੰਨੀ ਆਪਰੇਟਰਾਂ ਵੱਲੋਂ ਲੋਕਾਂ ਨਾਲ ਧੋਖਾਧੜੀ ਅਤੇ ਸ਼ੋਸ਼ਣ ਤੋਂ ਬਚਾਉਣ ਅਤੇ ਪਾਰਦਰਸ਼ਤਾ ਯਕੀਨੀ ਬਣਾਉਣ ਲਈ ਵਚਨਬੱਧ ਹੈ।

# ਬੇਸ਼ੱਕ ਪੰਜਾਬ 'ਚ ਅਕਾਲੀ ਦਲ ਕਈਂ ਹਨ, ਪਰ ਸ਼੍ਰੋਮਣੀ ਅਕਾਲੀ ਦਲ (ਬਾਦਲ) ਦਾ ਕੋਈ ਮੁਕਾਬਲਾ ਨਹੀਂ : ਗੁਰਪ੍ਰੀਤ ਗੁੱਜਰ ਰੈਲਮਾਜਰਾ

**ਨਵਾਂਸ਼ਹਿਰ 26 ਮਈ (ਜਤਿੰਦਰ ਪਾਲ ਸਿੰਘ ਕਲੇਰ )** ਬਲਾਚੌਰ ਤੋਂ ਸ਼੍ਰੋਮਣੀ ਅਕਾਲੀ ਦਲ (ਬ) ਸੀਨੀਅਰ ਨੋਜਵਾਨ ਆਗੂ ਗੁਰਪ੍ਰੀਤ ਗੁੱਜਰ ਰੈਲਮਾਜਰਾ ਨੇ ਮਹੱਤਵਪੂਰਨ ਪ੍ਰੈੱਸ ਬਿਆਨ ਜਾਰੀ ਕਰਦਿਆਂ ਕਿਹਾ ਕਿ ਬੇਸ਼ੱਕ ਪੰਜਾਬ ਅੰਦਰ ਅਕਾਲੀ ਦਲ ਕਈ ਹਨ, ਪਰ ਅਜੇ ਤੱਕ ਸ਼੍ਰੋਮਣੀ ਅਕਾਲੀ ਦਲ (ਬ) ਦਾ ਕੋਈ ਵੀ ਮੁਕਾਬਲਾ ਨਹੀਂ ਹੈ ਨਾ ਕਦੇ ਹੋ ਸਕਦਾ ਹੈ । ਗੁਰਪ੍ਰੀਤ ਗੁੱਜਰ ਰੈਲਮਾਜਰਾ ਨੇ ਜ਼ੋਰ ਦੇ ਕਿਹਾ, ਬੇਸ਼ੱਕ ਅੱਜ ਪੰਜਾਬ ਅੰਦਰ ਕਈ ਅਕਾਲੀ ਦਲ ਹਨ, ਪਰ ਅਜੇ ਤੱਕ ਸ਼੍ਰੋਮਣੀ ਅਕਾਲੀ ਦਲ (ਬ ) ਦੇ ਮੁਕਾਬਲੇ ਵਿਚ ਕੋਈ ਨਹੀਂ ਹੈ, ਜਿਹੜਾ ਚੋਣਾਂ ਵਿੱਚ ਇਸਨੂੰ ਹਰਾਕੇ ਜਿੱਤ ਪ੍ਰਾਪਤ ਕਰ ਸਕੇ। ਉਨ੍ਹਾਂ ਕਿਹਾ ਕਿ ਬਾਕੀ ਅਕਾਲੀ ਦਲਾਂ ਦਾ ਪ੍ਰਚਾਰ ਸਿਰਫ ਅਕਾਲੀ ਦਲ ਬਾਦਲ ਨੂੰ ਨੁਕਸਾਨ ਪਹੁੰਚਾਉਣ ਅਤੇ ਆਪ, ਕਾਂਗਰਸ ਤੇ ਭਾਜਪਾ ਨੂੰ ਲਾਭ ਪਹੁੰਚਾਣ ਤੱਕ ਸੀਮਿਤ ਹੈ। ਪਰ ਹੁਣ ਪੰਥਕ ਲੋਕ ਇਸ ਗੱਲ ਬੇਸ਼ੱਕ ਪੰਜਾਬ 'ਚ ਅਕਾਲੀ ਦਲ ਕਈਂ, ਪਰ ਬਾਦਲ ਦਾ ਕੋਈ ਮੁਕਾਬਲਾ ਨਹੀਂ ਹੈ।

ਉਨ੍ਹਾਂ ਜ਼ੋਰ ਦੇ ਕਿਹਾ, ਬੇਸ਼ੱਕ ਅੱਜ ਪੰਜਾਬ ਅੰਦਰ ਕਈ ਅਕਾਲੀ ਦਲ ਹਨ, ਪਰ ਅਜੇ ਤੱਕ ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਮੁਕਾਬਲੇ ਵਿਚ ਕੋਈ ਨਹੀਂ ਹੈ, ਜਿਹੜਾ ਚੋਣਾਂ ਵਿੱਚ ਇਸਨੂੰ ਹਰਾਕੇ ਜਿੱਤ ਪ੍ਰਾਪਤ ਕਰ ਸਕੇ। ਉਨ੍ਹਾਂ ਕਿਹਾ ਕਿ ਬਾਕੀ ਦਲਾਂ ਦਾ ਪ੍ਰਚਾਰ ਸਿਰਫ ਅਕਾਲੀ ਦਲ ਬਾਦਲ ਨੂੰ ਨੁਕਸਾਨ ਪਹੁੰਚਾਉਣ



ਅਤੇ ਆਪ, ਕਾਂਗਰਸ ਤੇ ਭਾਜਪਾ ਨੂੰ ਲਾਭਦੇਣ ਤੱਕ ਸੀਮਿਤ ਹੈ। ਪਰ ਹੁਣ ਪੰਜਾਬ ਦੇ ਵੋਟਰ ਇਸ ਗੱਲ ਨੂੰ ਭਲੀ ਭਾਂਤ ਸਮਝ ਚੁੱਕੇ ਹਨ, ਉਹ ਹੋਰ ਕਿਸੇ ਅਕਾਲੀ ਦਲ ਨੂੰ ਆਪਣਾ ਵੋਟ ਨਹੀਂ ਦੇਣਗੇ। ਗੁਰਪ੍ਰੀਤ ਗੁੱਜਰ ਨੇ ਦਾਅਵਾ ਕੀਤਾ ਹੈ, ਕਿ 2027 ਪੰਜਾਬ ਵਿੱਚ ਆ ਰਹੀਆਂ ਵਿਧਾਨ ਸਭਾ ਚੋਣਾਂ ਵਿੱਚ ਆਉਣ ਵਾਲੀ ਸਰਕਾਰ ਸ. ਸੁਖਬੀਰ ਸਿੰਘ ਬਾਦਲ ਦੀ ਅਗਵਾਈ ਵਾਲੀ ਪੰਥਕ ਸਰਕਾਰ ਦਾ ਬਣਨਾ ਤਹਿ ਹੋ ਚੁੱਕਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੂੰ ਵੀ ਸੁਪਨਿਆਂ ਵਿੱਚ ਹੀ ਸਿਰਫ ਬਾਦਲ ਪਰਿਵਾਰ ਅਤੇ ਮਜੀਠੀਆਂ ਹੀ ਦਿਸਦਾ ਹੈ, ।ਉਨਾਂ ਕਿਹਾ ਕਿ ਸਭ ਲੋਕ ਭਲੀ ਭਾਂਤ ਸਮਝ ਚੁੱਕੇ ਹਨ, ਉਹ ਹੋਰ ਕਿਸੇ ਅਕਾਲੀ ਦਲ ਨੂੰ ਆਪਣਾ ਵੋਟ ਨਹੀਂ ਦੇਣਗੇ ਸਿਰਫ ਸ਼੍ਰੋਮਣੀ ਅਕਾਲੀ ਦਲ ਬਾਦਲ ਨੂੰ ਹੀ ਦੇਣਗੇ । ਗੁਰਪ੍ਰੀਤ ਗੁੱਜਰ ਨੇ ਦਾਅਵਾ ਕੀਤਾ ਹੈ, ਕਿ ਪੰਜਾਬ ਵਿੱਚ ਆਉਣ ਵਾਲੀ ਸਰਕਾਰ ਸ. ਸੁਖਬੀਰ ਸਿੰਘ ਬਾਦਲ ਦੀ ਅਗਵਾਈ ਵਾਲੀ ਪੰਥਕ ਸਰਕਾਰ ਹੀ ਹੋਵੇਗੀ

# ਯਾਤਰਾ ਤਖ਼ਤ ਸ੍ਰੀ ਹਜ਼ੂਰ ਸਾਹਿਬ ਜੀ 31 ਮਈ ਤੋਂ ਸ਼ੁਰੂ

**ਫਿਲੌਰ/ਅੱਪਰਾ, 26 ਮਈ (ਦੀਪਾ)**-ਸ਼ਹੀਦ ਬਾਬਾ ਦੀਪ ਸਿੰਘ ਗੁਰਮਤਿ ਪ੍ਰਚਾਰ ਮਿਸ਼ਨ ਅੱਪਰਾ ਵਲੋਂ ਯਾਤਰਾ ਤਖ਼ਤ ਸ੍ਰੀ ਹਜ਼ੂਰ ਸਾਹਿਬ ਜੀ 31 ਮਈ ਤੋਂ ਲੈ ਕੇ 11 ਜੂਨ ਤੱਕ ਕਰਵਾਈ ਜਾ ਰਹੀ ਹੈ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਕਥਾ ਵਾਚਕ ਭਾਈ ਦਲਵਿੰਦਰ ਸਿੰਘ ਅੱਪਰਾ ਤੇ ਸਮੂਹ ਪ੍ਰਬੰਧਕਾਂ ਨੇ ਦੱਸਿਆ ਕਿ ਇਸ ਮੌਕੇ ਗੁ. ਦੇਗਸਰ ਸਾਾਹਿਬ, ਗੁ ਬਾਬਾ ਮੋਤੀ ਰਾਮ, ਫਤਿਹਗੜ੍ਹ ਸਾਹਿਬ, ਜੋਤੀ



ਸਰੂਪ ਸਾਹਿਬ, ਗੁਰੂ ਕਾ ਤਾਲ ਆਗਰਾ, ਗੁ ਦਮਦਮਾ ਸਾਹਿਬ ਆਗਰਾ, ਸ਼ੇਰ ਸ਼ਿਕਾਰ ਸਾਹਿਬ ਮਚਕੁੰਡ, ਗੁ ਸ਼ਿਵਪੁਰੀ, ਦਮਦਮਾ ਸਾਹਿਬ ਬਿਆਵਰਾ, ਗੁਰੂ ਨਾਨਕ ਘਾਟ ਉਜੈਨ, ਗੁਰਦੁਆਰਾ ਪ੍ਰਭੂ ਮਿਲਾਪ ਬਲਵਾੜਾ, ਬੜੀ ਸੰਗਤ ਸਾਹਿਬ ਬੁਰਹਾਨਪੁਰ, ਗੁਰਦੁਆਰਾ ਬਾਬਾ ਨਾਮਦੇਵ ਬਰਸੀ, ਘਰ ਬਾਬਾ ਨਾਮਦੇਵ ਜੀ, ਗੁਰਦੁਆਰਾ ਲੰਗਰ ਸਾਹਿਬ, ਤਖ਼ਤ ਸੱਚਖੰਡ ਸ੍ਰੀ ਹਜ਼ੂਰ ਸਾਹਿਬ ਤੇ ਨਾਂਦੇੜ ਸਾਹਿਬ ਹੋਰ ਗੁਰਦੁਆਰੇ, ਨਾਨਕ ਝੀਰਾ ਸਾਹਿਬ, ਗੁਰਦੁਆਰਾ ਮਾਤਾ ਭਾਗ ਕੌਰ, ਗੁਰਦੁਆਰਾ ਜਨਮ ਅਸਥਾਨ ਭਾਈ ਸਾਹਿਬ ਸਿੰਘ ਜੀ, ਗੁਰਦੁਆਰਾ ਚਾਰ ਸਾਹਿਬਜ਼ਾਦੇ, ਗੁਪਤਸਰ ਸਾਹਿਬ, ਗੁਰਦੁਆਰਾ ਗੁਰੂ ਨਾਨਕ ਸਾਹਿਬ ਧੁਲੀਆ, ਗੁਰਦੁਆਰਾ ਬਾਬਾ ਬੁੱਢਾ ਸਾਹਿਬ ਇੰਦੌਰ, ਗੁਰਦੁਆਰਾ ਦਾਤਾ ਬਣਦੀ ਛੋੜ ਗਵਾਲੀਅਰ, ਰਕਾਬ ਗੰਜ ਸਾਹਿਬ, ਬੰਗਲਾ ਸਾਹਿਬ, ਸੀਸ ਗੰਜ ਸਾਹਿਬ, ਗੁਰਦੁਆਰਾ ਪਾਤਸ਼ਾਹੀ 9ਵੀ ਤਰਾਵੜੀ, ਗੁਰਦੁਆਰਾ ਪਾਤਸ਼ਾਹੀ 6ਵੀ ਕੁਰੂਕਸ਼ੇਤਰ, ਗੁਰਦੁਆਰਾ ਮੰਜੀ ਸਾਹਿਬ ਅੰਬਾਲਾ ਆਦਿ ਗੁਰਦਵਾਰਿਆ ਦੇ ਦਰਸ਼ਨ ਦੀਦਾਰੇ ਸੰਗਤਾਂ ਨੂੰ ਕਰਵਾਏ ਜਾਣਗੇ।

# ਲਾਲਾ ਸੁੰਦਰ ਦਾਸ ਕਪੂਰ ਆਸ਼ਰਮ ਵਿਖੇ ਮੁਫ਼ਤ ਹੋਮਿਓਪੈਥਿਕ ਡਿਸਪੈਂਸਰੀ ਸ਼ੁਰੂ



**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਸਾਬਕਾ ਰਾਜ ਸਭਾ ਮੈਂਬਰ ਅਤੇ ਲਾਲਾ ਸੁੰਦਰ ਦਾਸ ਕਪੂਰ ਚੈਰੀਟੇਬਲ ਸੋਸਾਇਟੀ ਫਾਰ ਦ ਡੈਫ ਐਂਡ ਮਿਊਟ ਦੇ ਚੇਅਰਮੈਨ ਅਵਿਨਾਸ਼ ਰਾਏ ਖੰਨਾ ਨੇ ਕਿਹਾ ਕਿ ਸੋਸਾਇਟੀ ਨੇ ਹੁਣ ਨਾ ਸੁਣ ਸਕਣ ਵਾਲੇ ਅਤੇ ਗੁੰਗਿਆਂ ਦੀ ਸੇਵਾ ਕਰਨ ਦੇ ਨਾਲ-ਨਾਲ, ਸੋਸਾਇਟੀ ਨੇ ਲਾਲਾ ਸੁੰਦਰ ਦਾਸ ਕਪੂਰ ਆਸ਼ਰਮ ਪਰਿਸਰ ਦੇ ਅੰਦਰ ਇੱਕ ਮੁਫ਼ਤ ਹੋਮਿਓਪੈਥਿਕ ਡਿਸਪੈਂਸਰੀ ਬਣਾ ਕੇ ਮਨੁੱਖਤਾ ਨੂੰ ਆਪਣੀਆਂ ਸੇਵਾਵਾਂ ਸਮਰਪਿਤ ਕੀਤੀਆਂ ਹਨ। ਖੰਨਾ ਨੇ ਕਿਹਾ ਕਿ ਮਹੰਤ ਰਮਿੰਦਰ ਦਾਸ ਜੀ ਨੇ ਨਿੱਜੀ ਤੌਰ 'ਤੇ ਡਿਸਪੈਂਸਰੀ ਦਾ ਉਦਘਾਟਨ ਕੀਤਾ। ਖੰਨਾ ਨੇ ਦੱਸਿਆ ਕਿ ਸੋਸਾਇਟੀ ਦਾ ਟੀਚਾ ਮਨੁੱਖਤਾ ਦੀ ਸੇਵਾ ਕਰਨਾ ਹੈ, ਅਤੇ ਇਹ ਮੁਫ਼ਤ ਹੋਮਿਓਪੈਥਿਕ ਡਿਸਪੈਂਸਰੀ ਆਸ਼ਰਮ ਪਰਿਸਰ ਦੇ ਅੰਦਰ ਸਥਾਪਿਤ ਕੀਤੀ ਗਈ ਹੈ ਤਾਂ ਜੋ ਲੋੜਵੰਦਾਂ ਨੂੰ ਐਲੋਪੈਥਿਕ ਦਵਾਈਆਂ ਦੀ ਬਜਾਏ ਹੋਮਿਓਪੈਥਿਕ ਤਰੀਕਿਆਂ ਨਾਲ ਇਲਾਜ ਪ੍ਰਦਾਨ ਕੀਤਾ ਜਾ ਸਕੇ। ਇਸ ਮੌਕੇ ਸੁਸਾਇਟੀ ਦੇ ਪ੍ਰਧਾਨ ਗੋਪੀ ਚੰਦ ਕਪੂਰ ਨੇ ਦੱਸਿਆ ਕਿ ਮਹੰਤ ਸ਼੍ਰੀ ਰਮਿੰਦਰ ਦਾਸ ਜੀ ਨੇ ਨਿੱਜੀ ਤੌਰ 'ਤੇ ਡਿਸਪੈਂਸਰੀ ਦਾ ਉਦਘਾਟਨ ਕੀਤਾ ਸੀ, ਜੋ ਹਰ ਐਤਵਾਰ ਸਵੇਰੇ 8 ਵਜੇ ਤੋਂ ਸਵੇਰੇ 10 ਵਜੇ ਤੱਕ ਲੋੜਵੰਦਾਂ ਲਈ ਖੁੱਲ੍ਹੀ ਰਹੇਗੀ। ਗੋਪੀ ਚੰਦ ਕਪੂਰ ਨੇ ਇਹ ਵੀ ਖੁਲਾਸਾ ਕੀਤਾ ਕਿ ਮਹੰਤ ਰਮਿੰਦਰ ਦਾਸ ਜੀ ਨੇ ਇਸ ਚੈਰੀਟੇਬਲ ਕੰਮ ਲਈ 21,000 ਰੁਪਏ ਦਾਨ ਕੀਤੇ ਸਨ। ਇਸ ਮੌਕੇ ਸੁਸਾਇਟੀ ਦੇ ਚੇਅਰਮੈਨ ਖੰਨਾ, ਪ੍ਰਧਾਨ ਗੋਪੀ ਚੰਦ ਕਪੂਰ ਅਤੇ ਸਾਰੇ ਅਹੁਦੇਦਾਰਾਂ ਨੇ ਮਹੰਤ ਰਮਿੰਦਰ ਦਾਸ ਜੀ ਦਾ ਧੰਨਵਾਦ ਕੀਤਾ।

# ਜਨਗਣਨਾ ਲਈ ਘਰ-ਘਰ ਸਰਵੇ ਕਰ ਰਹੇ ਇਨੂਮੀਰੇਟਰਾਂ ਨੂੰ ਪੂਰਨ ਸਹਿਯੋਗ ਦਿੱਤਾ ਜਾਵੇ- ਵਧੀਕ ਡਿਪਟੀ ਕਮਿਸ਼ਨਰ



**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)** ਵਧੀਕ ਡਿਪਟੀ ਕਮਿਸ਼ਨਰ (ਜ) ਸ਼ਹੀਦ ਭਗਤ ਸਿੰਘ ਨਗਰ ਸੰਜੀਵ ਸ਼ਰਮਾ ਨੇ ਦੱਸਿਆ ਕਿ ਜ਼ਿਲ੍ਹੇ ਵਿੱਚ ਜਨਗਣਨਾ ਲਈ ਤਾਇਨਾਤ ਕੀਤੇ ਅਮਲੇ ਵਲੋਂ ਘਰ-ਘਰ ਜਾ ਸਕੇ ਸਰਵੇ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਰਾਸ਼ਟਰੀ ਜਨਗਣਨਾ ਦੇਸ ਦੇ ਸਰਵਪੱਖੀ ਵਿਕਾਸ ਵਿੱਚ ਅਹਿਮ ਭੂਮਿਕਾ ਨਿਭਾਉਂਦੀ ਹੈ। ਇਸ ਲਈ ਲੋਕਾਂ ਨੂੰ ਜਨਗਣਨਾ ਅਮਲੇ ਨੂੰ ਸਹੀ ਸਹੀ ਜਾਣਕਾਰੀ ਮੁਹੱਈਆ ਕਰਵਾਉਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਲੋਕਾਂ ਵਲੋਂ ਦਿੱਤੀ ਗਈ ਜਾਣਕਾਰੀ ਨੂੰ ਬਿੱਲਕੁੱਲ ਗੁਪਤ ਰੱਖਿਆ ਜਾਵੇਗਾ। ਵਧੀਕ ਡਿਪਟੀ ਕਮਿਸ਼ਨਰ (ਜ) ਨੇ ਸਮੂਹ ਜ਼ਿਲ੍ਹਾ ਵਾਸੀਆਂ ਨੂੰ ਅਪੀਲ ਕੀਤੀ ਕਿ ਜਨਗਣਨਾ ਤਹਿਤ ਘਰ-ਘਰ ਸਰਵੇ ਕਰ ਰਹੇ ਇਨੂਮੀਰੇਟਰਾਂ ਨੂੰ ਪੂਰਨ ਸਹਿਯੋਗ ਦਿੱਤਾ ਜਾਵੇ ਤਾਂ ਜੋ ਇਸ ਰਾਸ਼ਟਰੀ ਕਾਰਜ ਨੂੰ ਸਮੇਂ ਸਿਰ ਤੇ ਸੁਚਾਰੂ ਢੰਗ ਨਾਲ ਨੇਪਰੇ ਚਾੜਿਆ ਜਾ ਸਕੇ। ਉਨ੍ਹਾਂ ਕਿਹਾ ਕਿ ਲੋਕਾਂ ਵਲੋਂ ਦਿੱਤੀ ਗਈ ਜਾਣਕਾਰੀ ਦੇ ਅਧਾਰ 'ਤੇ ਹੀ ਸਰਕਾਰਾਂ ਦੇਸ਼ ਅਤੇ ਸੂਬੇ ਦੇ ਸਰਵਪੱਖੀ ਵਿਕਾਸ ਲਈ ਲੋਕ ਹਿਤੈਸ਼ੀ ਨੀਤੀਆਂ ਬਣਾਉਣ ਵਿੱਚ ਸਮਰੱਥ ਹੋ ਸਕਣਗੇ।

# ਫੂਡ ਸੇਫਟੀ ਸਹਾਇਕ ਕਮਿਸ਼ਨਰ ਹਰਪ੍ਰੀਤ ਕੌਰ ਵਲੋਂ ਮਿਡ ਡੇ ਮੀਲ ਵਰਕਰਾਂ ਨੂੰ ਫੂਡ ਸੇਫਟੀ ਸਬੰਧੀ ਟ੍ਰੇਨਿੰਗ ਦਿੱਤੀ ਗਈ

**ਨਵਾਂਸ਼ਹਿਰ /ਕਾਠਗੜ੍ਹ, 26 ਮਈ ( ਜਤਿੰਦਰ ਪਾਲ ਸਿੰਘ ਕਲੇਰ )** ਮੈਡਮ ਰੇਨੂੰ ਭਨੋਟ ਨੇ ਪ੍ਰੈੱਸ ਨੂੰ ਜਾਣਕਾਰੀ ਦਿੰਦਿਆਂ ਦਸਿਆ ਕਿ ਅੱਜ ਸਰਕਾਰੀ ਪ੍ਰਾਇਮਰੀ ਸਕੂਲ ਸਿਆਣਾ ਵਿੱਚ ਫੂਡ ਸੇਫਟੀ ਸਹਾਇਕ ਕਮਿਸ਼ਨਰ ਹਰਪ੍ਰੀਤ ਕੌਰ ਦੀ ਰਹਿਨੁਮਾਈ ਹੇਠ ਮਿਡ ਡੇ ਮੀਲ ਵਰਕਰਾਂ ਲਈ ਫੂਡ ਸੇਫਟੀ ਅਤੇ ਸਫਾਈ ਸਬੰਧੀ ਵਿਸ਼ੇਸ ਟ੍ਰੇਨਿੰਗ ਕਰਵਾਈ ਗਈ ਲ ਟ੍ਰੇਨਿੰਗ ਦੌਰਾਨ ਵਰਕਰਾਂ ਨੂੰ ਸਕੂਲੀ





ਬੱਚਿਆਂ ਲਈ ਬਣਾਏ ਜਾਣ ਵਾਲੇ ਭੋਜਨ ਸੁਰੱਖਿਆ ਅਤੇ ਸਫਾਈ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ ਗਈ ਲ

ਅਧਿਕਾਰੀਆਂ ਵਲੋਂ ਸਾਫ ਪੀਣ ਵਾਲੇ ਪਾਣੀ ਦੀ ਵਰਤੋਂ ਕਣਕ ਅਤੇ ਚੋਲਾਂ ਦੀ ਸਫਾਈ, ਸਾਫ ਸੁਥਰੇ ਢੰਗ ਨਾਲ ਖਾਣਾ ਤਿਆਰ ਕਰਨ ਅਤੇ ਰਸੋਈ ਦੀ ਸਫਾਈ ਬਣਾਈ ਰੱਖਣ ਬਾਰੇ ਜਾਗਰੂਕ ਕੀਤਾ ਲ ਇਸ ਤੋਂ ਇਲਾਵਾ ਵਰਕਰਾਂ ਨੂੰ ਨਿੱਜੀ ਸਫਾਈ, ਖਾਣ ਪੀਣ ਵਾਲੀਆਂ ਵਸਤੂਆਂ ਦੀ ਸਹੀ ਸੰਭਾਲ ਅਤੇ ਸਿਹਤ ਸਬੰਧੀ ਸਾਵਧਾਨੀਆਂ ਵਾਰੇ ਵੀ ਜਾਣਕਾਰੀ ਦਿੱਤੀ ਗਈ ਲ

ਇਸ ਮੌਕੇ ਸੰਗੀਤਾ ਸਹਿਦੇਵ ਫੂਡ ਸੇਫਟੀ ਅਫ਼ਸਰ ਨੇ ਕਿਹਾ ਕਿ ਬੱਚਿਆਂ ਨੂੰ ਸੁਰੱਖਿਅਤ ਅਤੇ ਪੋਸ਼ਟਿਕ ਭੋਜਨ ਮੁਹਈਆ ਕਰਵਾਉਣਾ ਹਰ ਵਰਕਰ ਦੀ ਜਿੰਮੇਵਾਰੀ ਹੈ ਲ ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ ਅਵਤਾਰ ਸਿੰਘ ਅਤੇ ਬਲਾਕ ਰਿਸੋਰਸ ਪਰਸਨ ਯਸ਼ਪਾਲ ਨੇ ਸਾਂਝੇ ਤੌਰ ਤੇ ਕਿਹਾ ਕਿ ਇਸ ਟ੍ਰੇਨਿੰਗ ਦਾ ਮਕਸਦ ਸਕੂਲਾਂ ਵਿੱਚ ਭੋਜਨ ਦੀ ਗੁਣਵਤਾ ਅਤੇ ਸਿਹਤ ਮਾਪਦੰਡਾ ਪ੍ਰਤੀ ਜਾਗਰੂਕਤਾ ਵਧਾਉਣਾ ਹੈ ।

ਸੁਰੱਖਿਅਤ ਭੋਜਨ - ਸਿਹਤਮੰਦ ਬੱਚੇ, ਸਿਹਤਮੰਦ ਭਵਿੱਖ।



**ਨਕੋਦਰ ਮਹਿਤਪੁਰ (ਹਰਜਿੰਦਰ ਪਾਲ ਛਾਬੜਾ)**

ਕਬੱਡੀ ਦੇ ਆਪਣੇ ਸਮੇਂ ਦੇ ਮਹਾਂਰਥੀ ਖਿਡਾਰੀ ਬਾਈ ਗੁਰਲਾਲ ਸਿੰਘ ਜੀ ਘਨੌਰ ਨੂੰ ਪੰਜਾਬ ਸਰਕਾਰ ਨੇ ਮਹਾਰਾਜਾ ਰਣਜੀਤ ਸਿੰਘ ਐਵਾਰਡ ਦਾ ਸਨਮਾਨ ਦੇ ਕੇ ਸਾਡੀ ਖੇਡ ਕਬੱਡੀ ਦਾ ਮਾਣ ਵਧਾਇਆ ਆਉਣ ਵਾਲੇ ਸਮੇ ਵਿੱਚ ਵੀ ਸਾਡੀ ਮੌਜੂਦਾ ਸਰਕਾਰ ਤੋਂ ਸਾਡੀ ਖੇਡ ਕਬੱਡੀ ਨੂੰ ਵੱਡੀਆ ਆਸ਼ਾਂ ਹਨ। ਸੋ ਸਾਡੇ ਵੀਰ ਗੁਰਲਾਲ ਸਿੰਘ ਘਨੌਰ ਨੂੰ ਤੇ ਜਿੰਨਾਂ ਵੀ ਹੋਰ ਖਿਡਾਰੀਆਂ ਨੂੰ ਐਵਾਰਡ ਮਿਲੇ ਸਭ ਨੂੰ ਬਹੁਤ ਬਹੁਤ ਮੁਬਾਰਕਾਂ।

## ਸਾਬਕਾ ਪੰਚਾਇਤ ਮੈਂਬਰ ਬੀਬੀ ਬਲਵੀਰ ਕੌਰ ਨੂੰ ਸਦਮਾ, ਪਤੀ ਅਵਤਾਰ ਸਿੰਘ (ਦੋਧੀ) ਦੀ ਮੌਤ

## ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਦਾ ਭੋਗ ਤੇ ਅੰਤਿਮ ਅਰਦਾਸ ਅੱਜ

**ਫਿਲੌਰ/ਅੱਪਰਾ (ਦੀਪਾ)**–ਅੱਪਰਾ ਦੀ ਸਾਬਕਾ ਪੰਚਾਇਤ ਮੈਂਬਰ ਬੀਬੀ ਬਲਵੀਰ ਕੌਰ ਨੂੰ ਉਸ ਸਮੇਂ ਗਹਿਰਾ ਸਦਮਾ ਲੱਗਾ ਜਦੋਂ ਉਨ੍ਹਾਂ ਦੇ ਪਤੀ ਅਵਤਾਰ ਸਿੰਘ (ਦੋਧੀ) ਦੀ ਸੰਖੇਪ ਬਿਮਾਰੀ ਕਾਰਣ ਬੇਵਕਤੀ ਮੌਤ ਹੋ ਗਈ। ਉਨਾਂ ਦੀ ਇਸ ਬੇਵਕਤੀ ਮੌਤ ਤੇ ਵੱਖ ਵੱਖ ਰਾਜਨੀਤਿਕ ਪਾਰਟੀਆਂ ਦੇ ਆਗੂਆਂ, ਨੰਬਰਦਾਰਾਂ, ਪੰਚਾਂ ਸਰਪੰਚਾਂ ਤੇ ਵੱਖ ਵੱਖ ਸਮਾਜ ਸੇਵੀ ਸੰਸਥਾਵਾਂ ਨੇ ਗਹਿਰੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਪ੍ਰਮਾਤਮਾ ਅੱਗੇ ਅਰਦਾਸ ਕੀਤੀ ਕਿ ਉਹ ਵਿਛੜੀ ਰੂਹ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਦੇਵੇ ਤੇ ਪਿੱਛੋਂ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖ਼ਸ਼ੇ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਉੱਘੇ ਸਮਾਜ ਸੇਵਕ ਤੇ ਆਗੂ ਸੋਮ ਪਾਲ ਮੈਂਗੜਾ ਨੇ ਦੱਸਿਆ ਕਿ ਅਵਤਾਰ ਸਿੰਘ ਦੋਧੀ ਨਮਿਤ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਦਾ ਭੋਗ ਤੇ ਅੰਤਿਮ ਅਰਦਾਸ ਅੱਜ ਮਿਤੀ 27 ਮਈ ਦਿਨ ਬੁੱਧਵਾਰ ਨੂੰ ਡੇਰਾ ਸੰਤ ਟਹਿਲ ਦਾਸ ਜੀ ਸੰਤ ਸਤਿਨਾਮ ਚੌਂਕ (ਸਮਰਾੜੀ ਚੌਂਕ) ਅੱਪਰਾ ਵਿਖੇ ਦੁਪਹਿਰ 12 ਤੋਂ ਲੈ ਕੇ 1 ਵਜੇ ਤੱਕ ਹੋਵੇਗੀ।



## ਮਾਂ ਦੀ ਯਾਦ ਵਿੱਚ ਸ਼ੁਰੂ ਕੀਤੀ 1,500 ਕਿਲੋਮੀਟਰ ਦੀ ਪੈਦਲ ਯਾਤਰਾ

**ਵੈਨਕੂਵਰ, 25 ਮਈ (ਮਲਕੀਤ ਸਿੰਘ)** – ਕੈਨੇਡਾ ਦੇ ਸਸਕਾਚਵਨ ਸੂਬੇ ਦੀ ਇੱਕ ਅਧਿਆਪਕਾ ਨੇ ਆਪਣੀ ਸਵ:ਮਾ ਦੀ ਯਾਦ ਵਿੱਚ 1,500 ਕਿਲੋਮੀਟਰ ਦੀ ਲੰਬੀ ਪੈਦਲ ਯਾਤਰਾ ਸ਼ੁਰੂ ਕੀਤੀ ਹੈ। ਇਹ ਯਾਤਰਾ ਉਸ ਲਈ ਸਿਰਫ਼ ਸਰੀਰਕ ਚੁਣੌਤੀ ਨਹੀਂ, ਸਗੋਂ ਮਾਂ ਨੂੰ ਸ਼ਰਧਾਂਜਲੀ ਦੇਣ ਦਾ ਇਕ ਭਾਵੁਕ ਉਪਰਾਲਾ ਵੀ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਸਸਕਾਟੂਨ ਦੀ ਰਹਿਣ ਵਾਲੀ ਮੇਗਨ ਵੋਦਰਸਪੂਨ ਇਸ ਸਾਲ 38 ਸਾਲ ਦੀ ਹੋ ਰਹੀ ਹੈ। ਇਹ ਉਹੀ ਉਮਰ ਹੈ ਜਦੋਂ ਉਸ ਦੀ ਮਾਤਾ ਦੀ ਲਿਊਕੀਮੀਆ ਕਾਰਨ ਮੌਤ ਹੋ ਗਈ ਸੀ। ਮਾਂ ਦੀ ਯਾਦ ਨੂੰ ਆਪਣੇ ਨਾਲ ਜੋੜਦਿਆਂ ਮੇਗਨ ਨੇ ਸਸਕਾਚਵਨ ਨੂੰ ਉੱਤਰ ਤੋਂ ਦੱਖਣ ਤੱਕ ਪੈਦਲ ਪਾਰ ਕਰਨ ਦਾ ਫ਼ੈਸਲਾ ਕੀਤਾ ਹੈ। ਦੱਸਿਆ ਜਾ ਰਿਹਾ ਹੈ ਕਿ ਮੇਗਨ ਅਗਲੇ 30 ਦਿਨਾਂ ਤੱਕ ਹਰ ਰੋਜ਼ ਲਗਭਗ 60 ਕਿਲੋਮੀਟਰ ਤੱਕ ਪੈਦਲ ਚੱਲੇਗੀ। ਇਸ ਦੌਰਾਨ ਉਹ ਕੁੱਲ ਕਰੀਬ 1,500 ਕਿਲੋਮੀਟਰ ਦਾ ਸਫ਼ਰ ਤੈਅ ਕਰੇਗੀ। ਉਸਦਾ ਕਹਿਣਾ ਹੈ ਕਿ ਇਹ ਯਾਤਰਾ ਉਸ ਲਈ ਮਾਂ ਦੀ ਯਾਦ ਨੂੰ ਜਿਉਂਦਾ ਰੱਖਣ ਦਾ ਇੱਕ ਖ਼ਾਸ ਤਰੀਕਾ ਹੈ। ਮੇਗਨ ਨੇ ਕਿਹਾ ਕਿ ਜਦੋਂ ਉਹ ਆਪਣੀ ਮਾਂ ਦੀ ਉਮਰ ‘ਚ ਪਹੁੰਚੀ ਤਾਂ ਉਸਨੇ ਮਹਿਸੂਸ ਕੀਤਾ ਕਿ ਇਸ ਮੋੜ ਨੂੰ ਕਿਸੇ ਖ਼ਾਸ ਢੰਗ ਨਾਲ ਯਾਦਗਾਰ ਬਣਾਉਣਾ ਚਾਹੀਦਾ ਹੈ। ਇਸੇ ਸੋਚ ਤੋਂ ਪ੍ਰੇਰਿਤ ਹੋ ਕੇ ਉਸਨੇ ਇਹ ਲੰਬਾ ਸਫ਼ਰ ਸ਼ੁਰੂ ਕੀਤਾ। ਉਸਦੀ ਇਸ ਪਹਿਲ ਦੀ ਸਥਾਨਕ ਭਾਈਚਾਰੇ ਵੱਲੋਂ ਵੀ ਖੂਬ ਸਰਾਹਨਾ ਕੀਤੀ ਜਾ ਰਹੀ ਹੈ। ਲੋਕ ਉਸਨੂੰ ਰਸਤੇ ਵਿੱਚ ਹੌਸਲਾ ਦੇ ਰਹੇ ਹਨ ਅਤੇ ਉਸਦੇ ਇਸ ਉਪਰਾਲੇ ਨੂੰ ਮਾਂ ਪ੍ਰਤੀ ਪਿਆਰ ਅਤੇ ਸਮਰਪਣ ਦੀ ਵਿਲੱਖਣ ਮਿਸਾਲ ਵਜੋਂ ਦੇਖਿਆ ਜਾ ਰਿਹਾ ਹੈ।



**ਮੇਗਨ ਵੋਦਰਸਪੂਨ ਪੈਦਲ ਯਾਤਰਾ ਦੀ ਕਰਦੀ ਹੋਈ।**

# ਸਲੋਵਾਕੀਆ ਨੂੰ 5–1 ਨਾਲ ਹਰਾ ਕੇ ਕੈਨੇਡਾ ਦੀ ਸ਼ਾਨਦਾਰ ਜਿੱਤ

**ਵੈਨਕੂਵਰ, (ਮਲਕੀਤ ਸਿੰਘ)** – ਵਿਸ਼ਵ ਪੁਰਸ਼ ਹਾਕੀ ਚੈਂਪੀਅਨਸ਼ਿਪ ਵਿੱਚ ਕੈਨੇਡਾ ਨੇ ਸਲੋਵਾਕੀਆ ਨੂੰ 5-1 ਨਾਲ ਹਰਾ ਕੇ ਸ਼ਾਨਦਾਰ ਜਿੱਤ ਦਰਜ ਕੀਤੀ ਹੈ। ਮੁਕਾਬਲੇ ਦੇ ਤੀਜੇ ਪੀਰੀਅਡ ਵਿੱਚ ਕੈਨੇਡਾ ਨੇ 4 ਗੋਲ ਕਰਕੇ ਮੈਚ ਪੂਰੀ ਤਰ੍ਹਾਂ ਆਪਣੇ ਕਬਜ਼ੇ ਵਿੱਚ ਕਰ ਲਿਆ। ਪਹਿਲੇ ਦੋ ਪੀਰੀਅਡਾਂ ਦੌਰਾਨ ਮੁਕਾਬਲਾ ਟੱਕਰ ਦਾ ਰਿਹਾ, ਪਰ ਤੀਜੇ ਪੀਰੀਅਡ ਵਿੱਚ ਕੈਨੇਡਾ ਦੇ ਖਿਡਾਰੀਆਂ ਨੇ ਤੇਜ਼ ਹਮਲਾਵਰ ਖੇਡ ਦਿਖਾਉਂਦਿਆਂ ਲਗਾਤਾਰ 4 ਗੋਲ ਕਰ ਦਿੱਤੇ। ਇਸ ਤੋਂ ਬਾਅਦ ਸਲੋਵਾਕੀਆ ਦੀ ਟੀਮ ਵਾਪਸੀ ਨਹੀਂ ਕਰ ਸਕੀ। ਕੈਨੇਡਾ ਵੱਲੋਂ ਮੈਕਲਿਨ ਸੈਲੀਬ੍ਰਿਨੀ ਨੇ ਤੀਜੇ ਪੀਰੀਅਡ ਵਿੱਚ ਗੋਲ ਕਰਕੇ ਟੀਮ ਦੀ ਵੱਡੀ ਜਿੱਤ ‘ਤੇ ਮੋਹਰ ਲਗਾਈ। ਜੌਨ ਟਾਵਾਰੇਸ ਅਤੇ ਹੋਰ ਖਿਡਾਰੀਆਂ ਨੇ ਵੀ ਜਿੱਤ ਵਿੱਚ ਅਹਿਮ ਯੋਗਦਾਨ ਪਾਇਆ। ਇਸ ਜਿੱਤ ਨਾਲ ਕੈਨੇਡਾ ਨੇ ਟੂਰਨਾਮੈਂਟ ਵਿੱਚ ਆਪਣੀ ਮਜ਼ਬੂਤ ਦਾਅਵੇਦਾਰੀ ਹੋਰ ਪੱਕੀ ਕਰ ਲਈ ਹੈ। ਕੈਨੇਡੀਅਨ ਹਾਕੀ ਪ੍ਰੇਮੀਆਂ ਵਿੱਚ ਟੀਮ ਦੇ ਪ੍ਰਦਰਸ਼ਨ ਨੂੰ ਲੈ ਕੇ ਖੁਸ਼ੀ ਦਾ ਮਾਹੌਲ ਵੇਖਿਆ ਜਾ ਰਿਹਾ ਹੈ।




**ਸਲੋਵਾਕੀਆ ਖ਼ਿਲਾਫ਼ ਜਿੱਤ ਮਗਰੋਂ ਕੈਨੇਡਾ ਦੇ ਖਿਡਾਰੀ ਜਸ਼ਨ ਮਨਾਉਂਦੇ ਹੋਏ।**

# ਅੱਚਵੀਂ ਜਿਹੀ



"ਰਮੇਸ਼ ਆਹ ਠੋਡੀ ਵਾਲੇ ਤਿੰਨ ਚਾਰ ਵਾਲ ਬਹੁਤ ਤੰਗ ਕਰਦੇ ਹਨ। ਸਾਰਾ ਦਿਨ ਅੱਚਵੀਂ ਜਿਹੀ ਹੁੰਦੀ ਰਹਿੰਦੀ ਹੈ।" ਲੁਧਿਆਣਾ ਦੇ ਹੀਰੋ ਹਾਰਟ ਹਸਪਤਾਲ ਦੇ ਆਈਸੀਯੂ ਵਿੱਚ ਜ਼ੇਰੇ ਇਲਾਜ ਮੇਰੀ 72 ਸਾਲਾਂ ਦੀ ਮਾਂ ਨੇ ਸ਼ਾਮੀ ਮਿਲਣ ਗਏ ਨੂੰ ਮੈਨੂੰ ਕਿਹਾ। ਇਹ ਚੌਦਾਂ ਫਰਬਰੀ 2012 ਦੀ ਗੱਲ ਹੈ। ਮੈਨੂੰ ਮਾਂ ਦੀ ਤਕਲੀਫ ਜਾਇਜ ਲੱਗੀ। ਇਸ ਤੋਂ ਇਲਾਵਾ ਉਸਨੇ ਬਾਕੀ ਸਾਰੀਆਂ ਗੱਲਾਂ ਹੌਸਲੇ ਵਾਲੀਆਂ ਕੀਤੀਆਂ। ਮੈਂ ਸਾਰੀ ਰਾਤ ਮਾਤਾ ਦੀ ਅੱਚਵੀਂ ਦਾ ਹੱਲ ਸੋਚਦਾ ਰਿਹਾ। ਕਿਉਂਕਿ ਮਮੂਲੀ ਜਿਹੀ ਅੱਚਵੀਂ ਇਨਸਾਨ ਨੂੰ ਅਸਹਿਜ ਕਰ ਦਿੰਦੀ ਹੈ। ਜਿਸ ਦਿਨ ਮੈਨੂੰ ਖਿਆਲ ਆ ਜਾਵੇ ਕਿ ਮੇਰੀ ਹੇਅਰ ਕਟਿੰਗ ਕਰਾਉਣ ਵਾਲੀ ਹੋਗੀ, ਉਸ ਵੇਲੇ ਮੈਨੂੰ ਦਿਨ ਲੰਘਾਉਣਾ ਔਖਾ ਹੋ ਜਾਂਦਾ ਹੈ। ਕਈ ਵਾਰੀ ਅਨਫਿੱਟ ਕਪੜੇ ਵੀ ਬੰਦੇ ਨੂੰ ਅਸਹਿਜ ਕਰ ਦਿੰਦੇ ਹਨ। ਮੇਰੇ ਇੱਕ ਸਰਦਾਰ ਦੋਸਤ ਨੇ ਇੱਕ ਦਿਨ ਦੱਸਿਆ ਸੀ ਕਿ ਜਿਸ ਦਿਨ ਉਸ ਦੀ ਪੱਗ ਸਹੀ ਨਾ ਬੰਨੀ ਗਈ ਹੋਵੇ ਉਹ ਸਾਰਾ ਦਿਨ ਅਪਸੈੱਟ ਰਹਿੰਦਾ ਹਾਂ। ਭੀੜੇ ਅੰਡਰਵੀਅਰ, ਨੀਵੇਂ ਪਜਾਮੇ ਦੀ ਅੱਚਵੀਂ ਸਾਰਾ ਦਿਨ ਖਰਾਬ ਕਰ ਦਿੰਦੀ ਹੈ। ਕਿਸੇ ਗਲਤ ਗੱਲ, ਸ਼ੰਕਾ ਜਾਂ ਗਲਤੀ ਦੀ ਚਿੰਤਾ ਵੀ ਅੱਚਵੀਂ ਦਾ ਕਾਰਨ ਬਣ ਜਾਂਦੀ ਹੈ। ਅੱਚਵੀਂ ਦੀ ਪ੍ਰੀਭਾਸ਼ਾ ਨੂੰ ਓਹੀ ਸਮਝ ਸਕਦਾ ਹੈ ਜਿਸਨੂੰ ਲੱਗੀ ਹੁੰਦੀ ਹੈ। ਇਸ ਵਿੱਚ ਵੱਡੀ ਛੋਟੀ ਗੱਲ ਦਾ ਅਸਰ ਨਹੀ ਹੁੰਦਾ। ਅੱਚਵੀਂ ਤਾਂ ਅੱਚਵੀਂ ਹੀ ਹੁੰਦੀ ਹੈ। ਅਸੀਂ ਬੱਚਿਆਂ ਤੇ ਖਾਸਕਰ ਬਜ਼ੁਰਗਾਂ ਦੀ ਅੱਚਵੀਂ ਨੂੰ ਬਹੁਤਾ ਨਹੀਂ ਗੌਲਦੇ। ਮੇਰੀ ਮਾਂ ਦੀ ਅੱਚਵੀਂ ਦਾ ਹੱਲ ਪਲੱਕਰ ਜਾਂ ਨੇਲ ਕਟਰ ਹੀ ਸੀ। "ਮਾਤਾ ਤੇਰੀ ਠੋਡੀ ਤੇ ਤਾਂ ਜਵਾਂ ਵੀ ਵਾਲ ਨਹੀਂ ਹੁਣ।" ਅਗਲੇ ਦਿਨ ਸਵੇਰੇ ਮਾਤਾ ਦਾ ਪਤਾ ਲੈਣ ਗਏ ਨੇ ਮੈਂ ਮਾਤਾ ਨੂੰ ਪੁੱਛਿਆ। ਮਾਤਾ ਨੇ ਦੱਸਿਆ ਕਿ ਰਾਤ ਉਸਨੇ ਆਪਣੀ ਇਹ ਅੱਚਵੀਂ ਇੱਕ ਨਰਸ ਨੂੰ ਦੱਸੀ। ਉਸਨੇ ਕੋਈ ਕਰੀਮ ਲਗਾਕੇ ਸਮੱਸਿਆ ਹੱਲ ਕਰ ਦਿੱਤੀ। ਮੈਂ ਨੋਟ ਕੀਤਾ ਕਿ ਮੇਰੀ ਮਾਤਾ ਨੇ 'ਬੇਟਾ' 'ਬੇਟਾ' ਕਹਿ ਕੇ ਕਈ ਨਰਸਾਂ ਨੂੰ ਆਪਣਾ ਬਣਾ ਲਿਆ ਸੀ। ਇਹ ਸੁਣਕੇ ਮੇਰੀ ਵੀ ਅੱਚਵੀਂ ਹੱਲ ਹੋ ਗਈ। ਪ੍ਰੰਤੂ ਸੋਲਾਂ ਫਰਬਰੀ ਨੂੰ ਸਵੇਰੇ ਹੀ ਮਾਤਾ ਸਦਾ ਲਈ ਤੁਰ ਗਈ ਤੇ ਸਾਨੂੰ ਅਸਹਿ ਅੱਚਵੀਂ ਦੇ ਗਈ।

ਹੁਣ ਕਈ ਵਾਰੀ ਵੇਖਦੇ ਹਾਂ ਕਿ ਬੱਚੇ ਬਜ਼ੁਰਗਾਂ ਦੀ ਅੱਚਵੀਂ ਤਾਂ ਕ੍ਰੀ ਗੰਭੀਰ ਸਮੱਸਿਆ ਨੂੰ ਵੀ ਇਗਨੋਰ ਕਰ ਦਿੰਦੇ ਹਨ ਕਿ ਸਾਡੇ ਕੋਲ੍ਹ ਟਾਈਮ ਹੀ ਨਹੀਂ।



**ਰਮੇਸ ਸੇਠੀ ਬਾਦਲ**
9876627233


# ਕੈਨੇਡਾ ਵਿੱਚ ਨਵਜੰਮੇ ਬੱਚੇ ਦੀ ਮੌਤ ਦੇ ਮਾਮਲੇ ਵਿੱਚ ਪੰਜਾਬੀ ਜੋੜਾ ਗ੍ਰਿਫ਼ਤਾਰ

**ਵੈਨਕੂਵਰ, 25 ਮਈ (ਮਲਕੀਤ ਸਿੰਘ)** – ਕੈਨੇਡਾ ਵਿੱਚ ਇੱਕ ਦਿਲ ਦਹਿਲਾ ਦੇਣ ਵਾਲੀ ਘਟਨਾ ਸਾਹਮਣੇ ਆਈ ਹੈ, ਜਿੱਥੇ ਜਨਮ ਤੋਂ ਕੁਝ ਸਮੇਂ ਬਾਅਦ ਨਵਜੰਮੇ ਬੱਚੇ ਨੂੰ ਖਤਰਨਾਕ ਜੰਗਲੀ ਇਲਾਕੇ ਵਿੱਚ ਛੱਡਣ ਦੇ ਦੋਸ਼ ਹੇਠ ਪੰਜਾਬੀ ਮੂਲ ਦੇ ਇੱਕ ਜੋੜੇ ਨੂੰ ਪੁਲਿਸ ਨੇ ਗ੍ਰਿਫ਼ਤਾਰ ਕੀਤਾ ਹੈ। ਇਸ ਘਟਨਾ ਨੇ ਸਥਾਨਕ ਭਾਈਚਾਰੇ ਵਿੱਚ ਚਿੰਤਾ ਅਤੇ ਸਦਮੇ ਦਾ ਮਾਹੌਲ ਪੈਦਾ ਕਰ ਦਿੱਤਾ ਹੈ।


ਪ੍ਰਾਪਤ ਜਾਣਕਾਰੀ ਅਨੁਸਾਰ ਮਾਮਲੇ ਦਾ ਖੁਲਾਸਾ ਉਸ ਵੇਲੇ ਹੋਇਆ ਜਦੋਂ ਬੱਚੇ ਨੂੰ ਜਨਮ ਦੇਣ ਤੋਂ ਬਾਅਦ ਮਹਿਲਾ ਦੀ ਸਿਹਤ ਅਚਾਨਕ ਵਿਗੜ ਗਈ ਅਤੇ ਉਸ ਨੂੰ ਗੰਭੀਰ ਹਾਲਤ ਵਿੱਚ ਹਸਪਤਾਲ ਲਿਆਂਦਾ ਗਿਆ। ਹਸਪਤਾਲ ਵਿੱਚ ਡਾਕਟਰਾਂ ਨੇ ਜਾਂਚ ਦੌਰਾਨ ਨੋਟਿਸ ਕੀਤਾ ਕਿ ਮਹਿਲਾ ਨੇ ਹਾਲ ਹੀ ਵਿੱਚ ਬੱਚੇ ਨੂੰ ਜਨਮ ਦਿੱਤਾ ਹੈ, ਪਰ ਬੱਚਾ ਉਸਦੇ ਨਾਲ ਨਹੀਂ ਸੀ। ਇਸ ਤੋਂ ਬਾਅਦ ਡਾਕਟਰਾਂ ਨੂੰ ਸ਼ੱਕ ਹੋਇਆ ਅਤੇ ਪੁਲਿਸ ਨੂੰ ਸੂਚਨਾ ਦਿੱਤੀ ਗਈ।

ਪੁਲਿਸ ਨੇ ਜਾਂਚ ਸ਼ੁਰੂ ਕਰਦੇ ਹੋਏ ਇਲਾਕੇ ਵਿੱਚ ਤਲਾਸ਼ੀ ਮੁਹਿੰਮ ਚਲਾਈ। ਜਾਂਚ ਦੌਰਾਨ ਨਵਜੰਮੇ ਬੱਚੇ ਦੀ ਲਾਸ਼ ਜੰਗਲੀ ਇਲਾਕੇ ਵਿੱਚੋਂ ਬਰਾਮਦ ਹੋਈ। ਇਸ ਮਗਰੋਂ ਪੁਲਿਸ ਨੇ ਮਾਮਲੇ ਨਾਲ ਸੰਬੰਧਿਤ ਪੰਜਾਬੀ ਜੋੜੇ ਨੂੰ ਹਿਰਾਸਤ ਵਿੱਚ ਲੈ ਲਿਆ।

ਪੁਲਿਸ ਅਧਿਕਾਰੀਆਂ ਅਨੁਸਾਰ ਮਾਮਲੇ ਦੀ ਜਾਂਚ ਜਾਰੀ ਹੈ ਅਤੇ ਘਟਨਾ ਦੇ ਸਹੀ ਕਾਰਨਾਂ ਦਾ ਪਤਾ ਲਗਾਇਆ ਜਾ ਰਿਹਾ ਹੈ। ਮਹਿਲਾ ਇਸ ਵੇਲੇ ਹਸਪਤਾਲ ਵਿੱਚ ਇਲਾਜ ਅਧੀਨ ਹੈ ਅਤੇ ਉਸਦੀ ਹਾਲਤ ਗੰਭੀਰ ਦੱਸੀ ਜਾ ਰਹੀ ਹੈ।ਇਸ ਘਟਨਾ ਮਗਰੋਂ ਪੰਜਾਬੀ ਭਾਈਚਾਰੇ ਵਿੱਚ ਵੀ ਡੂੰਘਾ ਦੁੱਖ ਅਤੇ ਹੈਰਾਨੀ ਪ੍ਰਗਟ ਕੀਤੀ ਜਾ ਰਹੀ ਹੈ।



# ਪੰਜਾਬ ਦਾ ਬੋਧੀ ਇਤਿਹਾਸ : ਸਾਰ ਅਤੇ ਸਮੀਖਿਆ ( ਭਾਗ 2 )






**ਲੇਖਕ ਨਾਲ ਜਾਣ-ਪਹਿਚਾਣ**

ਸ਼੍ਰੀ ਹਰਮੇਸ਼ ਜੱਸਲ, ਸੰਸਥਾਪਕ ਮਲਿੰਦ ਪ੍ਰਕਾਸ਼ਨ (ਸੰਨ 2000), ਜੋ ਹੁਣ ਤੱਕ ਵੱਡੀਆਂ-ਛੋਟੀਆਂ 17 ਕਿਤਾਬਾਂ ਛਾਪ ਚੁੱਕੇ ਹਨ, ਇੱਕ ਬਹੁਪੱਖੀ ਸ਼ਖ਼ਸੀਅਤ ਹਨ। ਉਹ ਇੱਕ ਸਮਰਪਿਤ ਅੰਬੇਡਕਰੀ-ਬੋਧੀ, ਬੁੱਧੀਜੀਵੀ, ਲੇਖਕ, ਬੁਲਾਰੇ ਅਤੇ ਸਮਾਜ ਸੇਵਕ ਵਜੋਂ ਪ੍ਰਸਿੱਧ ਹਨ।

**ਸਿੱਖਿਆ :** ਉਨ੍ਹਾਂ ਦਾ ਜਨਮ, ਪਿਤਾ ਸ਼੍ਰੀ ਨਾਨਕ ਚੰਦ, ਮਾਤਾ ਸ਼੍ਰੀਮਤੀ ਕਰਤਾਰ ਕੌਰ ਦੇ ਘਰ 15 ਮਈ, 1955 ਨੂੰ ਬੂਟਾਂ ਮੰਡੀ (ਜਲੰਧਰ) ਵਿਖੇ ਹੋਇਆ। ਮੁੱਢਲੀ ਸਿੱਖਿਆ ਜੱਦੀ ਪਿੰਡ ਬਸ਼ੇਸ਼ਰਪੁਰ, ਮਿਡਲ ਲੱਲੀਆਂ ਕਲਾਂ, ਮੈਟ੍ਰਿਕ ਸਰਕਾਰੀ ਹਾਈ ਸਕੂਲ ਲਾਂਬੜਾ ਅਤੇ ਉਚੇਰੀ ਸਿੱਖਿਆ ਡੀ.ਏ.ਵੀ. ਕਾਲਜ ਜਲੰਧਰ ਤੋਂ ਉਪਰੰਤ ਐੱਮ.ਏ. ਰਾਜਨੀਤੀ ਸ਼ਾਸਤਰ, ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਪ੍ਰਾਪਤ ਕੀਤੀ। ਉਹ ਅਨੇਕਾਂ ਭਾਸ਼ਾਵਾਂ-ਪੰਜਾਬੀ, ਹਿੰਦੀ, ਅੰਗ੍ਰੇਜ਼ੀ, ਉਰਦੂ ਅਤੇ ਪਾਲੀ ਦੇ ਜਾਣਕਾਰ ਹਨ।

**ਸਾਹਿਤਕ ਕਾਰਜ :** ਜਿਉਂ ਹੀ ਉਨ੍ਹਾਂ ਨੇ 1974 ਵਿਚ ਅੰਬੇਡਕਰ ਮਿਸ਼ਨ ਦਾ ਪਾਠ ਪੜ੍ਹਿਆ, ਫੇਰ ਹੋਰ ਜਾਨਣ ਦੀ ਲਾਲਸਾ ਕਦੇ ਨਹੀਂ ਮਿਟੀ। ਉਨ੍ਹਾਂ ਨੇ ਅੰਬੇਡਕਰ ਮਿਸ਼ਨ ਦੇ ਪ੍ਰਚਾਰ ਅਤੇ ਪ੍ਰਸਾਰ ਨੂੰ ਆਪਣੇ ਜੀਵਨ ਦਾ ਕੇਂਦਰ-ਬਿੰਦੂ ਬਣਾ ਲਿਆ। ਰੋਜ਼ਾਨਾ ਅਖ਼ਬਾਰਾਂ ਵਿਚ ਲੇਖ ਲਿਖਣ, ਅਨੁਵਾਦ ਕਰਨ, ਪੁਸਤਕ ਰਚਣ ਤੇ ਪ੍ਰਕਾਸ਼ਨ ਦਾ ਸਾਹਿਤਕ ਕਾਰਜ ਕਈ ਦਹਾਕਿਆਂ ਤੋਂ ਕਰ ਰਹੇ ਹਨ।

**ਅੰਦੋਲਨਕਰਤਾ :** ਸਮਤਾ ਸੈਨਿਕ ਦਲ ਵਲੋਂ 4 ਅਪ੍ਰੈਲ ਤੋਂ 12 ਅਪ੍ਰੈਲ, 1982 ਤੱਕ, ਬਾਬਾ ਸਾਹਿਬ ਡਾ. ਅੰਬੇਡਕਰ ਦੇ ਜਨਮ ਦਿਨ 14 ਅਪ੍ਰੈਲ ਨੂੰ ਗਜ਼ਟਿਡ ਛੁੱਟੀ ਘੋਸ਼ਿਤ ਕਰਵਾਉਣ ਲਈ ਚੱਲੇ ਸੰਘਰਸ਼ 'ਚ ਸ਼੍ਰੀ ਬਿਹਾਰੀ ਲਾਲ 'ਖ਼ਾਰ' ਵਲੋਂ ਰੱਖੇ 'ਮਰਨ ਵਰਤ ਅੰਦੋਲਨ' ਦੀ ਰੂਪ ਰੇਖਾ ਉਲੀਕਣ ਤੇ ਚਲਾਉਣ ਵਿਚ ਕੇਂਦਰੀ ਰੋਲ ਅਦਾ ਕੀਤਾ।

**ਪੱਤਰਕਾਰਤਾ :** ਰਿਪਬਲਿਕਨ ਪਾਰਟੀ ਲਈ ਕੱਢੇ ਗਏ 'ਭੀਮ ਪੱਤ੍ਰਿਕਾ' ਪੰਜਾਬੀ ਦੇ ਪ੍ਰਬੰਧਕ (ਸੰਨ 1979 ਤੋਂ 1982) ਅਤੇ ਗਦਰੀ ਬਾਬਿਆਂ ਦੇ ਅਖ਼ਬਾਰ 'ਕਿਰਤੀ' ਨੂੰ (ਸੰਨ 1984 ਤੋਂ 1988) ਤੱਕ ਸੰਪਾਦਨ ਤੇ ਪ੍ਰਕਾਸ਼ਨ ਦੀ ਜ਼ਿੰਮੇਵਾਰੀ ਬਾਖ਼ੂਬੀ ਨਿਭਾਈ।

**ਸੰਸਥਾਗਤ ਕਾਰਜ :** ਉਹ ਬਹੁਤ ਸਾਰੀਆਂ ਸੰਸਥਾਵਾਂ ਦੇ ਸੰਸਥਾਪਕ, ਟਰੱਸਟੀ, ਮੁੱਢਲੇ ਮੈਂਬਰ ਅਤੇ ਸਹਿਯੋਗੀ ਰਹੇ ਹਨ : (1) ਟਰੱਸਟੀ-ਅੰਬੇਡਕਰ ਭਵਨ ਟਰੱਸਟ (ਰਜਿ.) ਜਲੰਧਰ, ਟਰੱਸਟੀ-ਬੁੱਧ ਵਿਹਾਰ ਸਿਧਾਰਥ ਨਗਰ, ਜਲੰਧਰ, ਟਰੱਸਟੀ-ਅੰਬੇਡਕਰ ਪੀਸ ਪਾਗੋਡਾ, ਨਜ਼ਦੀਕ ਫਿਲੌਰ, (2) ਮੈਂਬਰ—ਅੰਬੇਡਕਰ ਮਿਸ਼ਨ ਸੁਸਾਇਟੀ ਪੰਜਾਬ (ਰਜਿ.), ਪੰਜਾਬ ਬੁੱਧਿਸਟ ਸੁਸਾਇਟੀ (ਰਜਿ.), ਸਮਤਾ ਸੈਨਿਕ ਦਲ, (3) ਸੰਸਥਾਪਕ : ਡਾ. ਅੰਬੇਡਕਰ ਵੀਕਰ ਸੈਕਸ਼ਨ ਵੈਲਫੇਅਰ ਸੁਸਾਇਟੀ ਅਤੇ ਦਲਿਤ ਲਿਖਾਰੀ ਸਭਾ।

**ਮਾਣ-ਸਨਮਾਣ :** ਸ਼੍ਰੀ ਹਰਮੇਸ਼ ਜੱਸਲ ਜੀ ਨੂੰ ਯੂ.ਕੇ. ਦੀ ਸੰਸਥਾ F.A.B.O. ਫ਼ੈਡਰੇਸ਼ਨ ਆਫ਼ ਅੰਬੇਡਕਰਾਈਟ ਐਂਡ ਬੁੱਧਿਸਟ ਆਰਗੇਨਾਈਜ਼ੇਸ਼ਨ ਵਲੋਂ ਸਾਲ 1993 ਵਿਚ ਮੁੰਬਈ ਦੇ ਮੇਅਰ ਸ਼੍ਰੀ ਚੰਦਰ ਕਾਂਤ ਹੰਡੋਰੇ ਜੀ ਨੇ ਜੋ ਹੁਣ ਰਾਜ ਸਭਾ ਮੈਂਬਰ ਹਨ, 'ਭੀਮ ਰਤਨ' ਦੀ ਉਪਾਧੀ ਨਾਲ ਸਨਮਾਨਿਤ ਕੀਤਾ।

-ਰਾਮ ਪਾਲ 'ਰਾਹੀ'
ਪ੍ਰਧਾਨ, ਫ਼ੈਡਰੇਸ਼ਨ ਆਫ਼ ਅੰਬੇਡਕਰਾਈਟ ਐਂਡ ਬੁੱਧਿਸਟ ਔਰਗੇਨਾਈਜ਼ੇਸ਼ਨਜ਼ (ਯੂ.ਕੇ.)

ਮਲਿੰਦ ਪ੍ਰਕਾਸ਼ਨ ਜਲੰਧਰ

ਮੈਂ ਆਪਣੀ ਗੱਲ " ਲੇਖਕ ਵਲੋਂ..." ਲਿਖੇ ਗਏ ਲੇਖ ਚ ਕਹੀ ਹੈ। ਇਸ ਚ ਕਿਤਾਬ ਦੇ ਲਿਖੇ ਜਾਣ ਦੇ ਉਦੇਸ਼ ਦਾ ਵਰਣਨ ਕਰਦੇ ਹੋਏ ਕਿਹਾ ਹੈ ਕਿ ਪੰਜਾਬ ਦੇ ਬੋਧੀ ਇਤਿਹ-ਾਸ ਉਪਰ ਵਿਸਥਾਰ ਪੂਰਵਕ ਚਾਨਣਾ ਪਾਉਣ ਵਾਲੀ ਕਿਤਾਬ ਦੀ ਘਾਟ ਸੀ ਅਤੇ ਮੈਂ ਇਸ ਵਿਸ਼ੇ ਉਪਰ ਪਿਛਲੇ 40 ਸਾਲ ਤੋਂ ਕੰਮ ਕਰ ਰਿਹਾ ਸੀ। ਪੰਜਾਬ ਦੀ ਬੋਧੀ ਲਹਿਰ ਨੂੰ ਉਭਾਰਨ ਲਈ ਅਜਿਹੀ ਕਿਤਾਬ ਦੀ ਜ਼ਰੂਰਤ ਸੀ ਜੋ ਭਾਰਤ ਦੇ ਉੱਤਰ -ਪੱਛਮੀ ਖਿੱਤੇ ਦੇ ਪ੍ਰਾਚੀਨ ਧਰਮ ਅਰਥਾਤ ਬੁੱਧ ਧਰਮ ਨੂੰ ਪਾਠਕਾਂ ਸਾਹਮਣੇ ਪੇਸ਼ ਕਰ ਸਕੇ।

ਆਪਣੇ ਮਿਸ਼ਨਰੀ ਸਾਥੀਆਂ, ਸਨੇਹੀਆਂ, ਦੋਸਤਾਂ - ਮਿਤੱਰਾਂ ਦੇ ਪੁਸਤਕ ਨੂੰ ਪਾਠਕਾਂ ਤੱਕ ਪੁੱਜਦਾ ਕਰਨ ਚ ਦਿੱਤੇ ਸਹਿਯੋਗ ਲਈ ਧੰਨਵਾਦ ਕਰਨ ਤੋਂ ਇਲਾਵਾ ਪੇ ਬੈਕ ਟੂ ਸੁਸਾਇਟੀ ਯਾਨੀ ਸਮਾਜਿਕ ਦੇਣਦਾਰੀ ਬਾਰੇ, ਬਾਬਾ ਸਾਹਿਬ ਡਾਕਟਰ ਅੰਬੇਡਕਰ ਦੇ ਸੰਦੇਸ਼ " ਬੋਧੀ ਹੋਣਾ ਹੀ ਕਾਫੀ ਨਹੀਂ, ਬੁੱਧ ਧੱਮ ਦਾ ਪ੍ਰਚਾਰ ਪ੍ਰਸਾਰ ਕਰਨਾ ਵੀ ਬੋਧੀ ਦਾ ਮੁੱਢਲਾ ਫਰਜ਼ ਹੈ " ਯਾਦ ਕਰਵਾਇਆ ਗਿਆ ਹੈ।

ਇਸ ਕਿਤਾਬ ਦੀ ਭੂਮਿਕਾ, ਪ੍ਰਸਿੱਧ ਅੰਬੇਡਕਰੀ ਅਤੇ ਬੋਧੀ ਵਿਦਵਾਨ ਡਾ. ਸੁਰਿੰਦਰ ਅਜਨਾਤ ਜੀ ਨੇ ਲਿਖੀ ਹੈ, ਜੋ ਬਹੁਤ ਗਿਆਨ ਵਰਧਕ ਹੈ। ਉਹ ਇਸ ਭੂਮਿਕਾ ਚ ਲਿਖਦੇ ਹਨ, ਕਿ " ਹਰਮੇਸ਼ ਜੱਸਲ ਦਾ ਨਾਂ ਕਿਸੇ ਰਸਮੀ ਪਰਿਚੈ ਦਾ ਮੁਹਤਾਜ ਨਹੀਂ, ਉਹ " ਕਿਰਤੀ" ਦੇ ਸੰਪਾਦਕ ਅਤੇ " ਪੰਜਾਬੀ ਭੀਮ ਪੱਤ੍ਰਿਕਾ" ਦੇ ਮੈਨੇਜਰ ਰਹੇ ਹਨ। ਉਹ ਅਨੇਕਾਂ ਕਿਤਾਬਾਂ ਦੇ ਲੇਖਕ ਹਨ, " ਪੰਜਾਬ ਦਾ ਬੋਧੀ ਇਤਿਹਾਸ" ਉਨ੍ਹਾਂ ਦੀ ਖੋਜ ਭਰਪੂਰ ਰਚਨਾ ਹੈ ਜੋ ਕਈ ਸਾਲਾਂ ਦੀ ਮਿਹਨਤ ਦਾ ਨਤੀਜਾ ਹੈ। ਲੇਖਕ ਨੇ ਕਿਤਾਬ ਵਿਚ ਬਹੁਤ ਕੁਝ ਸਮੇਟ ਕੇ ਇਸਨੂੰ ਸਭ ਸੰਮਿਲਤ ( Alli ncluisve )



ਹਰਮੇਸ਼ ਜੱਸਲ

ਬਣਾਉਣ ਦੀ ਕੋਸ਼ਿਸ਼ ਕੀਤੀ ਹੈ ਤਾਂ ਜੋ ਅੱਗੇ ਖੋਜ ਕਰਨ ਵਾਲਿਆਂ ਨੂੰ ਆਸਾਨੀ ਹੋਵੇ, ਇਸ ਲਈ ਹੋ ਸਕਦੈ ਕਿ ਕੁੱਝ ਪਾਠਕਾਂ ਨੂੰ ਕਈ ਜਗ੍ਹਾ ਇਹ ਵਾਧੂ ਵਿਸਥਾਰ ਜਾਪੇ। ਕਿਤਾਬ ਵਿਚ ਪਾਠਕ ਨੂੰ ਬਹੁਤ ਕੁਝ ਮਿਲੇਗਾ -- ਇਤਿਹਾਸ, ਪੁਰਾਤੱਤਵ ( Archaeology ), ਸਿੱਕਾ ਵਿਗਿਆਨ ( Nuimsmaitcs) ਆਦਿ। ਲੇਖਕ ਦਾ ਕੈਨਵਸ ਬਹੁਤ ਵਿਸ਼ਾਲ ਹੈ।... ਹਰਮੇਸ਼ ਜੱਸਲ ਹੁਰਾਂ ਬਹੁਤ ਵਿਸਥਾਰ ਨਾਲ ਤੁਹਾਡਾ ਵਿਰਸਾ ਤੁਹਾਡੇ ਸਾਹ-ਮਣੇ ਪੇਸ਼ ਕਰ ਦਿੱਤਾ ਹੈ। ਆਓ, ਉਸ ਪ੍ਰਾਚੀਨ ਤੇ ਮਹਾਨ ਵਿਰਸੇ ਨਾਲ ਜੁੜੀਏ ਅਤੇ ਆਪਣੇ ਬੁਜ਼ੁਰਗਾਂ ਦੇ ਸਤਿਕ-ਾਰਤ ਧਰਮ ਨੂੰ ਅਪਣਾਈਏ।...ਮੇਰਾ ਖ਼ਿਆਲ ਹੈ ਕਿ ਇਸ ਵਿਸ਼ੇ ਉੱਤੇ ਪੰਜਾਬੀ ਵਿਚ ਇਹੋ ਜਿਹੀ ਨਵੇਕਲੀ ਅਤੇ ਇਕਲੌਤੀ ਕਿਤਾਬ ਪੰਜਾਬੀ ਵਿਚ ਉਪਲੱਬਧ ਨਹੀਂ ਹੈ। ਇਸ ਲਈ ਇਸਦੇ ਖੋਜੀ ਲੇਖਕ-- ਹਰਮੇਸ਼ ਜੱਸਲ ਜੀ --- ਸਾਡੇ ਸਾਰਿਆਂ ਦੇ ਧੰਨਵਾਦ ਦੇ ਪਾਤਰ ਹਨ। ਮੇਰੀ ਦਿਲੀ ਇੱਛਾ ਹੈ ਕਿ ਇਹ ਕਲਮ ਸਦਾ ਚਲਦੀ ਰਹੇ ਅਤੇ ਇਸ ਤਰ੍ਹਾਂ ਦੀਆਂ ਹੋਰ ਖੋਜ-ਭਰਪੂਰ ਰਚਨਾਵਾਂ ਸਿਰਜਦੀ ਰਹੇ --- ਡਾ. ਸੁਰਿੰਦਰ ਅਜਨਾਤ "।

(ਚਲਦਾ)

for more news visit:
www.samajweekly.com

# ਹਾਸ ਵਿਅੰਗ: ਕੁੱਤਿਆਂ ਦੀਆਂ ਕੁਤਕੁਤੀਆਂ

ਖ਼ਬਰ ਮਿਲੀ ਹੈ ਕਿ ਲੁਧਿਆਣੇ ਦੀ ਨਗਰਪਾਲਕਾ ਸੰਮਤੀ ਨੇ "ਕੁੱਤਿਆਂ ਦੇ ਮਾਲਕਾ" ਨੂੰ ਆਪੋ-ਆਪਣੇ ਪਾਲਤੂ ਕੁੱਤਿਆਂ ਦੀ ਰਜਿਸਟ੍ਰੇਸ਼ਨ ਕਰਵਾਉਣ ਬਾਰੇ ਸੋਚਿਆਂ ਹੈ। ਮਤਲਬ ਕਿ ਪੰਜਾਬ ਵਿਚ ਹੁਣ ਇੱਕ ਨਵੀਂ ਮੁਹਿੰਮ ਸ਼ੁਰੂ ਹੋ ਸਕਦੀ ਹੈ। ਚੰਡੀਗੜ੍ਹ ਵਿਚ ਤਾਂ ਪਾਲਤੂ ਕੁੱਤਿਆਂ ਦੀ ਰਜਿਸਟਰੇਸ਼ਨ 2010 ਤੋਂ ਸ਼ੁਰੂ ਕੀਤੀ ਗਈ ਸੀ, ਪਰ ਉਨ੍ਹਾਂ ਨੂੰ ਬਹੁਤੀ ਕਾਮਯਾਬੀ ਨਹੀਂ ਮਿਲੀ। ਹੁਣ ਦੇਖੋ,ਪੰਜਾਬ ਵਿਚ ਇਹ ਕੀ ਰੰਗ ਖਿਲਾਰਦੀ ਹੈ? ਪਹਿਲਾਂ ਵੀ 'ਗਊ ਸੈੱਸ' ਲੱਗਿਆ ਹੀ ਹੈ।ਵੈਸੇ ਹੁਣ ਕੁੱਤਾ ਰਜਿਸਟਰੇਸ਼ਨ ਫ਼ੀਸ ਯਾਨੀ "ਕੁੱਤਾ-ਟੈਕਸ" ਖ਼ਜ਼ਾਨਾ ਭਰਨ ਵਿਚ ਕੁੱਝ ਯੋਗਦਾਨ ਹਿੱਸਾ ਪਾ ਸਕਦਾ ਹੈ,ਜਿਵੇਂ ਕਿ ਕੋਰੋਨਾ ਦੁਨੀਆ ਦੇ ਹਰ ਭਾਗ ਆਪਣਾ 'ਭਾਗ' ਜਗਾਉਣ ਵਿਚ ਲੱਗਿਆ ਹੋਇਆਂ ਹੈ।

ਇਹ ਖ਼ਬਰ ਨੇ ਮੇਰਾ ਧਿਆਨ ਕੁੱਤਿਆਂ ਵੱਲ ਖਿੱਚਿਆ। ਇਨ੍ਹਾਂ ਬਾਰੇ ਸੋਚਣ ਲੱਗਾ ਕਿ ਮੁੱਢ ਕਦੀਮ ਤੋ ਹੀ ਅਸੀਂ ਤਾਂ ਆਪਣੇ ਜੀਵਨ ਅਤੇ ਬੋਲ-ਚਾਲ ਵਿਚ ਕੁੱਤਿਆਂ ਨੂੰ ਬਹੁਤ ਮਹੱਤਤਾ ਦਿੰਦੇ ਆ ਰਹੇ ਹਾਂ। ਇਸ ਨੂੰ ਮਨੁੱਖ ਦਾ ਸਭ ਤੋਂ ਵੱਧ ਵਫ਼ਾਦਾਰ ਦੋਸਤ ਮੰਨਦੇ ਹਾਂ। ਇਹ ਬਹੁਤ ਸਬਰ-ਸੰਤੋਖ ਵਾਲਾ ਜੀਵ ਹੈ,ਤਾਹੀਓ ਦਰਵੇਸ਼ ਵੀ ਕਿਹਾ ਗਿਆ ਹੈ। ਇਹ ਨਿਮ-ਰਤਾ ਦਾ ਵੀ ਪ੍ਰਤੀਕ ਹੈ,ਇਸੇ ਲਈ ਜਦ ਅਸੀਂ ਆਪਣੇ ਗੁਰੂ ਦੀ ਸ਼ਰਨ ਵਿਚ ਜਾ ਕੇ ਭੁੱਲਾਂ ਬਖ਼ਸ਼ਾਉਣ ਲਈ ਪ੍ਰਾਰਥਨਾ ਕਰਦੇ ਹਾਂ ਤਾਂ ਆਪ ਮੁਹਾਰੇ ਮੂੰਹੋਂ ਇਹ ਅਰਦਾਸੀ-ਬੋਲ ਨਿਕਲਦੇ ਹਨ ਕਿ ਹੇ ਵਾਹਿਗੁਰੂ! ਅਸੀਂ ਤਾਂ ਤੇਰੇ ਦਰ ਦੇ "ਕੂਕਰ" ਹਾਂ,ਮਿਹਰ ਉਪਾਓ- (ਖ਼ਜ਼ਾਨਾ ਵਧਾਓ)।

1970ਵੇਂ ਦਹਾਕੇ ਵਿਚ, ਉਹ ਸਮਾ ਵੀ ਆਇਆ ਜਦੋਂ 'ਕੁੱਤੇ ਅਤੇ ਗਰਾਮੋਫ਼ੋਨ' ਦੀ ਮੂਰਤੀ, ਹਿਜ਼ ਮਾਸਟਰਜ਼ ਵੋਆਇਸ ਰਿਕਾਰਡ ਕੰਪਨੀ (ਓਿ) ਦੁਆਰਾ ਸੰਗੀਤ ਦੇ ਕਲਾਕਾਰਾਂ,ਨਿਰਮਾਤਾਵਾਂ ਅਤੇ ਲੇਖਕਾਂ ਨੂੰ ਇੱਕ 'ਕੁੱਤੇ ਵਾਲੇ ਮੋਮੈਂਟੋ' ਨਾਲ ਸੰਗੀਤ ਪੁਰਸਕਾਰ ਵਜੋਂ ਨਿਵਾਜਿਆ ਜਾਂਦਾ ਰਿਹਾ ਸੀ। ਇਹਨੂੰ ਕਹਿੰਦੇ ਹਨ,ਕੁੱਤਿਆਂ ਨੂੰ ਇੱਜ਼ਤ ਦੇਣ ਦੀ ਗੱਲ।

ਇਨ੍ਹਾਂ ਬਾਰੇ,ਜੋ ਉੱਪਰਲੀ ਮੋਹ ਭਰੀ ਧਾਰਨਾ ਬਣੀ ਹੋਈ ਸੀ, ਉਸ ਵਿਚ ਅਜੋਕੇ ਸਮੇਂ ਨੇ ਹੱਦੋਂ ਵੱਧ ਪ੍ਰਵਰਤਨ ਲਿਆ ਦਿੱਤਾ ਹੈ। ਭਾਵੇਂ ਇਨ੍ਹਾਂ ਨੂੰ ਪਹਿਲਾਂ ਜਿਹਾ ਪਿਆਰ ਤਾਂ ਮਿਲਣੋ ਘੱਟ ਗਿਆ ਪਰ ਫਿਰ ਵੀ ਜੇ ਕਿਸੇ ਕਰਮਾਂ ਵਾਲੇ ਕੁੱਤੇ ਨੂੰ ਪਾਲਤੂ ਵਾਲਾ ਦਰਜਾ ਮਿਲ ਜਾਵੇ ਤਾਂ ਉਸ ਨੂੰ ਫਿਰ ਉਮਰ ਭਰ ਲਈ 'ਰਾਖਵੇਂਕਰਨ' ਵਾਲੀਆਂ ਸਹੂਲਤਾਂ ਮਿਲ ਜਾਂਦੀਆਂ ਹਨ। ਇੱਥੇ ਹੀ ਬੱਸ ਨਹੀਂ,ਉਹਦੀ ਆਉਣ ਵਾਲੀ ਅਗਲੀ ਪੀੜ੍ਹੀ ਨੂੰ ਰੰਗਲੀ-ਪੀੜ੍ਹੀ ਵਾਲਾ ਪੰਘੂੜਾ ਵੀ ਮਿਲ ਜਾਂਦਾ ਹੈ।

ਕਈ ਨੇਕ-ਦਿਲ ਇਨਸਾਨਾਂ ਨੇ ਇਨ੍ਹਾਂ ਦੀ ਨਿੱਘਰਦੀ ਹਾਲਤ ਨੂੰ ਦੇਖਦਿਆਂ, ਉਹਨਾਂ ਦੀ ਜਾਨੀ-ਹਿਫ਼ਾਜ਼ਤ ਲਈ (ਮਾਲੀ ਤਾਂ ਵਿਚਾਰਿਆਂ ਕੋਲੇ ਹੈ ਹੀ ਕੁੱਝ ਨਹੀਂ,ਕੇਵਲ ਇੱਕ ਟੰਗ ਚੁੱਕੇ ਕੇ ਨਿਸ਼ਾਨ-ਦੇਹੀ ਕਰ ਲੈਂਦੇ ਨੇ) ਕਈ ਕਾਨੂੰਨ ਬਣਾਏ। ਜਦੋਂ ਇਨ੍ਹਾਂ ਨੂੰ ਆਪਣੇ ਇਸ ਬਾਰੇ ਪਤਾ ਲੱਗਿਆ ਤਾਂ ਬੱਸ ਫੇਰ ਕੀ ਸੀ, ਕੋਤਵਾਲ ਦੇ ਨੌਕਰ ਵਾਂਗੂ, ਹਰ ਥਾਂ 'ਲੁੱਟਰ' ਟਾਈਪ ਅਵਾਰਗੀ' ਕਰਨ ਲੱਗ ਪਏ। ਕਿਸੇ ਤੇ ਹਮਲਾ ਕਰਨਾ,ਕਿਸੇ ਦੀ ਵੱਢ-ਟੁੱਕ,ਕਿਸੇ ਨੂੰ ਗੁਰ-ਗੁਰ ਕਰਕੇ ਦੰਦ ਚਿੜਾਉਣ ਦੇ ਨਾਲ-ਨਾਲ ਲੈਅ ਨਾਲ ਭੌਂਕਦੇ ਅਤੇ ਗਾਉਂਦੇ,'ਮੇਰੇ ਸਈਆਂ ਭਏ ਕੋਤਵਾਲ,ਅਬ ਡਰ ਕਾਹੇ ਕਾ।' ਰੱਬ ਨਾ ਕਰੇ,ਜੇ ਕੋਈ ਇਨ੍ਹਾਂ ਨੂੰ ਗ਼ਲਤੀ ਨਾਲ ਇੱਟ-ਵਟਾ ਮਾਰ ਬੈਠੇ ਤਾਂ ਜਾਨਵਰਾਂ ਦੀ ਕਰੂਰਤਾ ਦੀ ਰੋਕਥਾਮ ਐਕਟ,1960 ਅਧੀਨ, ਉਸ ਦਾ 'ਮਾਂਜੇ' ਜਾਣਾ ਯਕੀਨੀ ਹੋ ਸਕਦਾ।

ਜਿਵੇਂ ਦੁਨੀਆ ਵਿਚ ਹਰ ਚੀਜ਼ ਦੀ ਵੱਖੋ-ਵੱਖਰੀ ਨਸਲ ਹੈ,ਇਸੇ ਤਰ੍ਹਾਂ ਕੁੱਤਿਆਂ ਦੀਆਂ ਵੀ ਅਣਗਿਣਤ ਨਸਲਾਂ ਹਨ। ਕਈ ਅਸਲੀ ਕੁੱਤੇ,ਦੋਗਲੇ ਕੁੱਤੇ,ਬੁੱਲ ਕੁੱਤੇ,ਅਲਸੇਸ਼ਨ,ਪਹਾੜੀ ਕੁੱਤੇ,ਜੰਗਲੀ ਕੁੱਤੇ ਜਾਂ ਟਾਈਨੀ ਜੇਬੀ ਕੁੱਤੇ,ਆਦਿ।

ਇਹ ਤਾਂ ਗੱਲ ਕੀਤੀ ਹੈ ਅਸਲੀ ਕੁੱਤਿਆ ਦੀ,ਪਰ ਇੱਕ ਹੋਰ ਨਵੀਂ ਕਿਸਮ ਦੀ 'ਲੁਕੀ-ਛਿਪੀ' ਨਸਲ ਵੀ ਹਰ ਆਮ-ਖ਼ਾਸ ਥਾਵਾਂ ਤੇ ਮਿਲਦੀ ਹੈ, ਜੋ ਟਿੱਡੀ-ਦਲ ਜਾਂ ਕੋਰੋਨੇ ਤੋਂ ਕਿਤੇ ਵੱਧ ਤੇਜ਼ੀ ਨਾਲ ਸਮਾਜ ਵਿਚ ਫੈਲਦੀ ਹੀ ਚਲੀ ਜਾਂਦੀ ਹੈ,ਰੁਕਣ ਦਾ ਨਾਮ ਨਹੀਂ ਲੈਂਦੀ,ਜਿਸ ਦੀ ਕੋਈ ਦਵਾ-ਦਾਰੂ (ਦੂਜੀ ਨਾ ਸਮਝ ਲੈਣਾ) ਨਹੀਂ ਹੈ। ਇਸ ਨਸਲ ਦੇ ਕੁੱਤਿਆਂ ਦੇ ਜੋ ਕੋਈ ਹੱਥੇ ਚੜ੍ਹ ਜਾਵੇ ਤਾਂ ਉਹਦੇ ਸਿਰ ਦੀ ਟਿੰਡ ਯਕੀਨੀ ਹੋਈ ਜਾਣੋ। ਕਈ ਵਾਰੀ ਤਾਂ ਲੋਕ ਆਪਣੀ ਹੀ ਮਜਬੂਰੀ ਹਿਤ ਇਹਦੇ ਸ਼ਿਕਾਰ ਹੋ ਜਾਂਦੇ ਹਨ। ਅਣਅਧਿਕਾਰਤ ਤੌਰ 'ਤੇ ਅਜਿਹੀ ਨਸਲ ਦੇ ਲਾਡਲਿਆਂ ਨੂੰ 'ਅਧਿਕਾਰੀ ਕੁੱਤੇ','ਪਾਗਲ ਕੁੱਤੇ' ਜਾਂ 'ਅਨਪੜ੍ਹ' ਕੁੱਤਿਆਂ ਦੇ ਵਿਸ਼ੇਸੰਗਤਾ ਨਾਵਾਂ ਨਾਲ ਨਿਵਾਜੇ ਜਾਂਦੇ ਹਨ। ਜਨਤਾ ਦੀ ਇਹ ਬਹੁਤ ਅਦਭੁਤ ਅਤੇ ਵਿਚਿੱਤਰ ਕਾਢ ਹੈ। ਜਿਵੇਂ ਕੁੱਤਿਆਂ ਦੇ ਦੋ ਵਿਸ਼ੇਸ਼ ਗੁਣ - ਭੌਂਕਣਾ ਅਤੇ ਪੂਛ ਹਿਲਾਉਣਾ ਹੁੰਦੇ ਹਨ,ਇਸੇ ਤਰ੍ਹਾਂ ਇਹ ਵੀ ਉਨ੍ਹਾਂ ਤੋਂ ਕਿਤੇ ਵੱਧ ਇਨ੍ਹਾਂ ਗੁਣਾਂ 'ਚ ਪ੍ਰਵੀਨ ਹੁੰਦੇ ਹਨ। ਜਦੋਂ ਕਿਤੇ ਕੋਈ ਸ਼ਿਕਾਰ ਸੁੰਘ ਲੈਣ ਤਾਂ ਉੱਚੀ-ਉੱਚੀ ਭੌਂਕ ਕੇ ਕਾਨੂੰਨ ਦੇ ਸ਼ਕੰਜਿਆਂ ਦਾ ਵੇਰਵਾ ਦੇ-ਦੇ ਕੇ ਡਰਾਉਂਦੇ ਹਨ। ਆਪਣੀ ਭੁੱਖ 'ਗਾਂਧੀ-ਛਾਪ ਬੁਰਕੀ' ਬਾਰੇ ਦੱਸਦੇ ਰਹਿੰਦੇ ਹਨ। ਜਦੋਂ ਇਹ ਗਰਾਹੀ ਮੂੰਹ ਵਿੱਚ ਪੈ ਜਾਵੇ ਤਾਂ ਪੂਛ ਹਿਲਾਉਣੇ ਅਤੇ ਪੈਰ ਚੱਟਣੇ ਨਹੀਂ ਹਟਦੇ। ਇਨ੍ਹਾਂ ਦੀ ਸੇਵਾ ਤਾਂ ਉੱਠ ਦੀ ਸਵਾਰੀ ਕਰਨ ਵਾਂਗੂ ਹੈ। ਬੈਠਣ ਵਿਚ ਕਠਨਾਈ,ਉਤਰਨ ਵਿਚ ਔਖਾਈ। ਇਹਨਾਂ ਦੀਆਂ ਵੰਨਗੀਆਂ ਦਾ ਕੋਈ ਅੰਤ ਨਹੀਂ । ਸਾਡੇ ਵਿੱਚੋਂ ਤਕਰੀਬਨ ਹਰ ਛੋਟੇ-ਵੱਡੇ (ਕੱਦ-ਕਾਠ ਵੱਲੋਂ ਨਹੀਂ,ਜੇਬ ਪੱਖੋਂ) ਨੇ, ਇਨ੍ਹਾਂ ਦੇ ਦਰਸ਼ਨ, ਕਿਸੇ ਨਾ ਕਿਸੇ ਰੂਪ ਵਿਚ ਕੀਤੇ ਹੋਣੇ ਹਨ। ਇਨ੍ਹਾਂ ਦੀ ਇੱਕ ਸਿਫ਼ਤ ਹੋਰ ਵੀ ਹੈ ਕਿ ਗਿਰਗਟ ਦੀ ਤਰ੍ਹਾਂ ਆਪਣਾ ਰੰਗ ਬਦਲਣ ਵਿਚ ਦੇਰ ਨਹੀਂ ਲਾਉਂਦੇ। ਜੇ ਕਿਤੇ 'ਬੁਰਕੀ ' ਨਾ ਮਿਲੇ ਤਾਂ ਇਹ 'ਪਾਗਲ ਕੁੱਤੇ' ਦਾ ਰੂਪ ਧਾਰ ਲੈਂਦੇ ਹਨ। ਇੱਕੋ 'ਭੌਂਕਾਈ' ਨਾਲ ਆਪਣੀ ਪਲਟਣ ਇਕੱਠੀ ਕਰ ਲੈਂਦੇ ਹਨ ਅਤੇ ਫਿਰ ਉਹਦਾ ਮਾਸ ਖਾ-ਖਾ ਕੇ ਹੱਡੀਆਂ ਕਿੱਥੇ ਭਸਮ ਕਰ ਦਿੰਦੇ ਹਨ,ਪਤਾ ਹੀ ਨਹੀਂ ਲੱਗਣ ਦਿੰਦੇ? ਪੂਰਾ ਖੁਰਾ-ਖੋਜ ਮਿਟਾ ਦਿੰਦੇ ਹਨ। ਇਹ ਨਸਲ ਦੇ ਕੁੱਤਿਆਂ ਦੀ ਜ਼ਮੀਰ ਮਰੀ ਹੁੰਦੀ ਹੈ।

ਅਸੀਂ ਤਾਂ ਆਪਣੀ ਮੁੱਢਲੀ ਜ਼ਿੰਦਗੀ ਵਿਚ ਇਹੀ ਦੇਖਿਆ ਸੀ ਕਿ ਜਦੋਂ ਕਿਤੇ ਕੋਈ ਕੁੱਤਾ ਗਾਉਣ ਜਿਹੀ ਆਵਾਜ਼ ਕੱਢ ਕੇ ਲੰਬੀ ਹੇਕ ਲਾਉਂਦਾ ਤਾਂ ਪਿੰਡ ਦੇ ਕਈ ਕੁੱਤੇ ਵਾਹੋ-ਧਾਈ ਭੱਜੇ-ਭੱਜੇ ਉਹਦੇ ਕੋਲ ਇਕੱਠੇ ਹੋ ਜਾਂਦੇ। ਫਿਰ ਉਸ ਦੇ ਪਿੱਛੇ,ਵਾਰੀ-ਵਾਰੀ ਆਪਣੀ ਤਾਨ ਲਾਉਂਦੇ ਸੀ। ਮੈਨੂੰ ਉਸ ਵੇਲੇ ਆਏਂ ਲੱਗਦਾ ਹੁੰਦਾ ਸੀ ਕਿ ਉਹ ਆਪਣੀ ਹੀ ਤਰਜ਼ ਦਾ ਕੋਈ 'ਕਵੀ ਸੰਮੇਲਨ' ਕਰਦੇ ਹੋਣ। ਉਨ੍ਹਾਂ ਦੀ ਬੋਲੀ ਤਾਂ ਸਮਝ ਨਹੀਂ ਆਉਂਦੀ ਸੀ ਪਰ ਲੈਅ ਵਿਚ ਹੁੰਦੀ, ਅੱਜ ਕਲ ਦੇ ਬਹੁਤੇ ਸੂਖਮ ਕਲਾਵਾਂ ਦੇ ਕਵੀਆਂ ਅਤੇ ਗਾਇਕ ਕਲਾਕਾਰਾਂ ਵਰਗੀ ਨਹੀਂ। ਮੈਂ ਸੋਚਦਾ ਹਾਂ ਕਿ ਅੱਜ ਦੇ ਕੁੱਤਿਆਂ ਨੇ ਵੀ ਮਨੁੱਖਾਂ ਵਿਚ ਰਹਿ ਕੇ,ਉਨ੍ਹਾਂ ਵਾਂਗੂ ਹੀ ਇਨਸਾਨੀਅਤ ਦਾ ਚੋਲ਼ਾ ਲਾਹ ਦਿੱਤਾ ਹੈ। ਸਭਿਅਤਾ ਦੇ ਦਿਖਾਵੀ ਮਾਹੌਲ ਵਿਚ ਭਾਵੇਂ ਇਨਸਾਨ ਨੇ ਕਈ ਵਿਸ਼ੇਸ਼ਤਾਵਾਂ ਦੇ ਅਣਗਿਣਤ ਗੁਣ ਪ੍ਰਾਪਤ ਕਰ ਲਏ ਹਨ ਪਰ ਫਿਰ ਵੀ ਉਹ ਅੰਦਰੋ-ਅੰਦਰੀ ਆਪਣੀ ਵਿਰ-ਾਸਤ (ਜੰਗਲੀਪਨ) ਵਲ ਵਧਦਾ ਜਾ ਰਿਹਾ ਹੈ।

ਸਾਡਾ 'ਪਾਲਤੂ ਡੌਗੀ' ਬਹੁਤ ਦੇਰ ਤੋਂ ਮੇਰੇ ਕੋਲ ਬੈਠਾ,ਮੈਨੂੰ ਨੀਝ ਲਾਈ ਤੱਕੀ ਜਾਂਦਾ ਸੀ। ਜਦੋਂ ਮੈਂ ਲਿਖਣ ਪਿੱਛੋਂ ਉਸ ਵੱਲ ਦੇਖਿਆ ਤਾਂ ਉਹ ਝੱਟ ਛਾਲ ਮਾਰ ਉੱਠਿਆ ਅਤੇ ਮੇਰੇ ਪੈਰਾਂ ਵਿੱਚ ਆ ਕੇ ਲੇਟ-ਪੋਟ ਹੋਣ ਲੱਗਾ। ਮੈਂ ਉਹਨੂੰ ਕੁਤਕੁਤੀਆਂ ਕਰਨ ਲੱਗਾਂ। ਉਹ ਖ਼ੁਸ਼ੀ ਵਿਚ ਟਪੂਸੀ ਮਾਰ ਕੇ ਮੇਰੀ ਗੋਦੀ ਵਿਚ ਆ ਬੈਠਾ ਅਤੇ ਮੈਨੂੰ ਵੀ ਗੁਦਗੁਦੀਆਂ ਕਰਨ ਲੱਗਾ।

ਮੈ ਸੋਚਦੈ,ਕਾਸ਼! ਕੁੱਤੇ ਇਨਸਾਨਾਂ ਵਾਂਗ ਤਰੱਕੀ ਨਾ ਕਰਨ, ਵੈਹਸ਼ੀਆਨਾ ਹਰਕਤਾਂ ਨਾ ਸਿੱਖਣ।



**ਸੁਰਜੀਤ ਸਿੰਘ ਭੁੱਲਰ**

# ਝੂਠੇ ਵਾਦਿਆਂ ਨਾਲ ਸਤਾ ਹਥਿਆਈ ਲੋਕ ਸੇਵਾ ਢੱਠੇ ਖੂਹ ਪਾਈ?

ਭਾਰਤ ਦੇਸ਼ ਅਤੇ ਸੂਬਿਆਂ ਦੀ ਰਾਜਨੀਤੀ ਨੂੰ ਧਿਆਨ ਨਾਲ ਦੇਖੀਏ ਵਿਚਾਰੀਏ ਤਾਂ ਇੱਕ ਕੌੜਾ ਸੱਚ ਸਾਹਮਣੇ ਆਉਂਦਾ ਹੈ ਕਿ ਸਾਡੀਆਂ ਜ਼ਿਆਦਾਤਰ ਸਿਆਸੀ ਧਿਰਾਂ ਦਾ ਮੁੱਖ ਮਕਸਦ ਲੋਕ ਭਲਾਈ ਨਹੀਂ, ਸਗੋਂ ਸੱਤਾ ਹਾਸਲ ਕਰਨਾ ਅਤੇ ਉਸਨੂੰ ਬਰਕਰਾਰ ਰੱਖਣਾ ਬਣ ਗਿਆ ਹੈ । ਚੋਣਾਂ ਤੋਂ ਪਹਿਲਾਂ ਵੱਡੇ-ਵੱਡੇ ਵਾਅਦੇ, ਲੋਕਾਂ ਨੂੰ ਸੁਪਨੇ ਦਿਖਾਉਣ ਵਾਲੇ ਐਲਾਨ ਅਤੇ ਇੱਕ-ਦੂਜੇ ਉੱਤੇ ਤਿੱਖੇ ਹਮਲੇ ਆਮ ਗੱਲ ਬਣ ਚੁੱਕੇ ਹਨ। ਪਰ ਜਿਵੇਂ ਹੀ ਸੱਤਾ ਮਿਲਦੀ ਹੈ, ਬਹੁਤੇ ਵਾਅਦੇ ਫਾਈਲਾਂ ਵਿੱਚ ਦੱਬ ਕੇ ਰਹਿ ਜਾਂਦੇ ਹਨ।

ਹਰ ਚੋਣ ਵਿੱਚ ਲੋਕਾਂ ਨੂੰ ਰੁਜ਼ਗਾਰ, ਸਿੱਖਿਆ, ਸਿਹਤ, ਭ੍ਰਿਸ਼ਟਾਚਾਰ ਖ਼ਤਮ ਕਰਨ ਅਤੇ ਮਹਿੰਗਾਈ ਘਟਾਉਣ ਦੇ ਸੁਪਨੇ ਦਿਖਾਏ ਜਾਂਦੇ ਹਨ । ਕਿਸਾਨਾਂ, ਮਜ਼ਦੂਰਾਂ, ਨੌਜਵਾਨਾਂ ਅਤੇ ਔਰਤਾਂ ਲਈ ਵਿਸ਼ੇਸ਼ ਯੋਜਨਾਵਾਂ ਦਾ ਐਲਾਨ ਹੁੰਦਾ ਹੈ । ਪਰ ਹਕੀਕਤ ਇਹ ਹੈ ਕਿ ਸਰਕਾਰਾਂ ਬਦਲ ਜਾਂਦੀਆਂ ਹਨ, ਸਮੱਸਿਆਵਾਂ




ਜਿਉਂ ਦੀ ਤਿਉਂ ਰਹਿੰਦੀਆਂ ਹਨ । ਵਿਰੋਧੀ ਧਿਰ ਵਿੱਚ ਰਹਿੰਦੇ ਨੇਤਾ ਜਿਨ੍ਹਾਂ ਮੁੱਦਿਆਂ ਉੱਤੇ ਸਰਕਾਰ ਦੀ ਆਲੋਚਨਾ ਕਰਦੇ ਹਨ, ਸੱਤਾ ਵਿੱਚ ਆ ਕੇ ਉਹੀ ਨੀਤੀਆਂ ਅਪਣਾਉਂਦੇ ਨਜ਼ਰ ਆਉਂਦੇ ਹਨ ।ਚਿੰਤਾ ਦੀ ਗੱਲ ਇਹ ਹੈ ਕਿ ਲੋਕਾਂ ਦੇ ਅਸਲ ਮੁੱਦੇ ਪਿੱਛੇ ਛੱਡ ਕੇ ਧਰਮ, ਜਾਤ, ਭਾਸ਼ਾ ਅਤੇ ਖੇਤਰੀ ਭਾਵਨਾਵਾਂ ਨੂੰ ਰਾਜਨੀਤਿਕ ਹਥਿਆਰ ਵਜੋਂ ਵਰਤਿਆ ਜਾਂਦਾ ਹੈ। ਵਿਕਾਸ ਦੇ ਮੁੱਦਿਆਂ ਦੀ ਥਾਂ ਵੋਟਾਂ ਦੀ ਗਿਣਤੀ ਅਤੇ ਚੋਣੀ ਗਣਿਤ ਨੂੰ ਵੱਧ ਤਰਜੀਹ ਦਿੱਤੀ ਜਾਂਦੀ ਹੈ। ਨਤੀਜੇ ਵਜੋਂ ਲੋਕਤੰਤਰ ਦੀ ਆਤਮਾ ਕਮਜ਼ੋਰ ਹੋ ਰਹੀ ਹੈ ਅਤੇ ਆਮ ਨਾਗਰਿਕ ਦਾ ਰਾਜਨੀਤੀ ਉੱਤੇ ਭਰੋਸਾ ਉੱਠਦਾ ਜਾ ਰਿਹਾ ਹੈ। ਹਾਲਾਂਕਿ ਸਾਰੀਆਂ ਸਿਆਸੀ ਧਿਰਾਂ ਜਾਂ ਸਾਰੇ ਨੇਤਾਵਾਂ ਨੂੰ ਇੱਕੋ ਤਰਾਜੂ ਵਿੱਚ ਨਹੀਂ ਤੋਲਿਆ ਜਾ ਸਕਦਾ, ਪਰ ਸਮੁੱਚੀ ਰਾਜਨੀਤੀ ਵਿੱਚ ਸੱਤਾ-ਕੇਂਦਰਿਤ ਸੋਚ ਦਾ ਪ੍ਰਭਾਵ ਸਪਸ਼ਟ ਦਿਖਾਈ ਦਿੰਦਾ ਹੈ । ਜੇ ਸਿਆਸੀ ਧਿਰਾਂ ਦੇਸ਼ ਅਤੇ ਸੂਬਿਆਂ ਦੀ ਅਸਲ ਤਰੱਕੀ ਚਾਹੁੰਦੀਆਂ ਹੋਣ ਤਾਂ ਰਾਜਨੀਤੀ ਨੂੰ ਸੱਤਾ ਦੀ ਖੇਡ ਤੋਂ ਉੱਪਰ ਉੱਠ ਕੇ ਲੋਕ ਸੇਵਾ ਦਾ ਮਾਧਿਅਮ ਬਣਾਉਣਾ ਪਵੇਗਾ ਨਹੀਂ ਤਾਂ ਵਾਅਦਿਆਂ ਦੇ ਬੁਖਾਂਦ ਬਣਦੇ ਰਹਿਣਗੇ ਅਤੇ ਲੋਕਾਂ ਦੀਆਂ ਉਮੀਦਾਂ ਟੁੱਟਦੀਆਂ ਰਹਿਣਗੀਆਂ । ਇਤਿਹਾਸ ਬਣਦਾ ਰਹੇਗਾ ਕਿ ਝੂਠੇ ਵਾਦਿਆਂ ਨਾਲ ਸਤਾ ਹਥਿਆਈ ਲੋਕ ਸੇਵਾ ਢੱਠੇ ਖੂਹ ਪਾਈ ?



**ਪੱਤਰਕਾਰ ਬਲਦੇਵ ਸਿੰਘ ਜਨੂਹਾ , ਸੰਗਰੂਰ,**
**98148 24215** .

# ਵਾਤਾਵਰਣ ਇੱਕ ਵੱਡੀ ਚਿੰਤਾ



ਸਾਡੀ ਧਰਤੀ ਹਵਾ ਅਤੇ ਪਾਣੀ ਪ੍ਰਦੂਸ਼ਿਤ ਹੋ ਚੁੱਕੇ ਹਨ।

ਸਾਡਾ ਪੌਣ ਪਾਣੀ ਦਿਨੋਂ ਦਿਨ ਪ੍ਰਤੀਕੂਲ ਹੁੰਦਾ ਜਾ ਰਿਹਾ ਹੈ। ਇਹ ਕਹਾਣੀ ਅਸੀਂ ਆਪਣੀ ਰੋਜ਼ਾਨਾ ਜ਼ਿੰਦਗੀ ਵਿੱਚ ਹਰ ਰੋਜ਼ ਕਈ ਕਈ ਵਾਰ ਸੁਣਦੇ ਅਤੇ ਵਿਚਾਰਦੇ ਹਾਂ। ਸਾਡੇ ਆਸ ਪਾਸ ਰਹਿਣ ਵਾਲੇ ਲੋਕ, ਸੋਸ਼ਲ ਮੀਡੀਆ, ਅਖਬਾਰਾਂ, ਟੀਵੀ, ਅਤੇ ਹੋਰ ਸੰਚਾਰ ਸੰਸਾਧਨਾਂ ਰਾਹੀਂ ਇਸ ਗੱਲ ਦਾ ਪ੍ਰਚਾਰ ਬੜੇ ਜ਼ੋਰ ਸ਼ੋਰ ਨਾਲ ਕੀਤਾ ਜਾਂਦਾ ਹੈ ਕਿ ਵਾਤਾਵਰਨ ਦਿਨੋ - ਦਿਨ ਖਰਾਬ ਹੁੰਦਾ ਜਾ ਰਿਹਾ ਹੈ। ਅਤੇ ਇਸ ਨੂੰ ਸੰਭਾਲਣ ਦੀ ਜ਼ਿੰਮੇਵਾਰੀ ਵੀ ਸਾਡੀ ਹੀ ਬਣਦੀ ਹੈ। ਅਸੀਂ ਇਨ੍ਹਾਂ ਲਫ਼ਜ਼ਾਂ ਨੂੰ ਬੜੀ ਚੰਗੀ ਤਰ੍ਹਾਂ ਸਮਝਣ ਲੱਗ ਪਏ ਹਾਂ ਅਤੇ ਸਾਨੂੰ ਇਸ ਗੱਲ ਦੀ ਬੜੀ ਚੰਗੀ ਸਮਝ ਹੈ ਕਿ ਸਾਡਾ ਵਾਤਾਵਰਨ ਕਿੰਨਾ ਗੱਲਾਂ ਕਰਕੇ ਖਰਾਬ ਹੁੰਦਾ ਹੈ ਅਤੇ ਇਸ ਨੂੰ ਬਚਾਉਣ ਲਈ ਸਾਨੂੰ ਕੀ ਕਰਨਾ ਚਾਹੀਦਾ ਹੈ। ਕੀ ਇਹ ਮਸਲਾ ਸੱਚਮੁੱਚ ਏਨਾ ਗੰਭੀਰ ਹੈ। ਮੈਂ ਇੱਥੇ ਕਹਿਣਾ ਚਾਹਾਂਗਾ ਕਿ ਇਹ ਮਸਲਾ ਏਨਾ ਗੰਭੀਰ ਨਹੀਂ ਹੈ, ਸਗੋਂ ਇਹ ਮਸਲਾ ਇਸ ਤੋਂ ਵੀ ਕਿਤੇ ਹਜ਼ਾਰ ਗੁਣਾ ਗੰਭੀਰ ਅਤੇ ਗੁੰਝਲਦਾਰ ਹੈ ।

ਆਓ! ਇਸ ਨੂੰ ਸਮਝਣ ਦੀ ਕੋਸ਼ਿਸ਼ ਕਰਦੇ ਹਾਂ।

ਸਾਡਾ ਸੂਰਜ ਮੰਡਲ ਅੱਜ ਤੋਂ ਲੱਗਭਗ ਸਾਢੇ ਚਾਰ ਸੌ ਅਰਬ ਸਾਲ ਪਹਿਲਾਂ ਬਣਦਾ ਹੈ। ਇਸ ਦਾ ਮਤਲਬ ਹੈ ਕਿ ਸਾਡੀ ਧਰਤੀ ਸਾਡੇ ਚਾਰ ਸੌ ਅਰਬ ਸਾਲ ਪੁਰਾਣੀ ਹੈ। ਅਤੇ ਇਸ ਉੱਪਰ ਦਰੱਖਤਾਂ ਦੀ ਹੋਂਦ ਸਾਡੇ ਅਠੱਤੀ ਕਰੋੜ ਸਾਲ ਪੁਰਾਣੀ ਹੈ। ਇਸ ਉੱਪਰ ਮਨੁੱਖ ਸਾਢੇ ਤਿੰਨ ਲੱਖ ਸਾਲ ਪਹਿਲਾਂ ਆਉਂਦਾ ਹੈ। ਮਤਲਬ ਕਿ ਧਰਤੀ ਉੱਪਰ ਮਨੁੱਖ ਦੀ ਹੋਂਦ ਸਾਡੇ ਤਿੰਨ ਲੱਖ ਸਾਲ ਪੁਰਾਣੀ ਹੈ । ਬੇਸ਼ੱਕ ਧਰਤੀ ਉੱਪਰ ਮਨੁੱਖ ਨੇ ਆਪਣਾ ਸਭ ਤੋਂ ਪਹਿਲਾਂ ਸਹਾਰਾ ਦਰੱਖਤਾਂ ਨੂੰ ਹੀ ਬਣਾਇਆ ਹੋਵੇਗਾ ਉਸ ਨੇ ਦਰੱਖਤਾਂ ਦੇ ਫਲ ਅਤੇ ਪੱਤੇ ਖਾ ਕੇ ਗੁਜ਼ਾਰਾ ਕੀਤਾ ਹੋਵੇਗਾ ਅਤੇ ਦਰੱਖਤਾਂ ਹੇਠ ਹੀ ਆਪਣਾ ਬਸੇਰਾ ਕੀਤਾ ਹੋਵੇਗਾ। ਇੱਥੇ ਇਹ ਅੰਦਾਜ਼ਾ ਲਗਾਉਣਾ ਵੀ ਮੁਸ਼ਕਿਲ ਨਹੀਂ ਕਿ ਠੰਡ ਲੱਗਣ ਸਮੇਂ ਉਸ ਨੇ ਦਰੱਖਤਾਂ ਨੂੰ ਹੀ ਬਾਲ ਕੇ ਆਪਣੇ ਗੁਜ਼ਾਰਾ ਕੀਤਾ ਹੋਵੇਗਾ ਅਤੇ ਘਰ ਬਣਾਉਣ ਲਈ ਲੋੜੀਂਦੀ ਲੱਕੜ ਦਰੱਖਤਾਂ ਨੂੰ ਕੱਟ ਕੇ ਪ੍ਰਾਪਤ ਕੀਤੀ ਹੋਵੇਗੀ। ਮਤਲਬ ਉਸ ਨੇ ਸਭ ਤੋਂ ਪਹਿਲਾਂ ਆਪਣੇ ਸਭ ਤੋਂ ਨਜ਼ਦੀਕੀ ਸਾਥੀ ਨੂੰ ਹੀ ਸ਼ਿਕਾਰ ਬਣਾਇਆ।

ਮਨੁੱਖ ਦੀ ਹੋਂਦ ਤੋਂ ਪਹਿਲਾਂ ਧਰਤੀ ਉੱਪਰ ਬਹੁਤ ਹੀ ਭਿਅੰਕਰ ਕਿਸਮ ਦੀ ਉੱਥਲ ਪੁੱਥਲ ਹੋਈ ਜਿਸ ਦੇ ਨਤੀਜੇ ਵਜੋਂ ਧਰਤੀ ਉੱਪਰ ਬਹੁਤ ਸਾਰੇ ਮੌਜੂਦਾ ਕੁਦਰਤੀ ਸੰਸਾਧਨਾਂ ਦੀ ਨਿਰਮਾਣ ਪ੍ਰਕਿਰਿਆ ਸ਼ੁਰੂ ਹੋਈ। ਅੱਜ ਦੇ ਸਮੇਂ ਵਿੱਚ ਧਰਤੀ ਉੱਪਰ ਜਿੰਨੇ ਵੀ ਕੁਦਰਤੀ ਸੰਸਾਧਨ ਮੌਜੂਦ ਹਨ ਸਭ ਉਸੇ ਉੱਤਰ ਪੁਥਲ ਦਾ ਨਤੀਜਾ ਹੈ। ਉੱਚੇ ਉੱਚੇ ਪਹਾੜ ਜਿਸ ਉੱਪਰ ਬਰਫਾਂ ਦੇ ਅਨੰਤ ਭੰਡਾਰ ਹਨ। ਬੇਪਨਾਹ ਫੈਲੇ ਹੋਏ ਜੰਗਲ ਅਤੇ ਕੱਲ੍ਹ ਕੱਲ੍ਹ ਕਰਕੇ ਵਗਦੀਆਂ ਨਦੀਆਂ, ਧਰਤੀ ਹੇਠ ਦੱਬੇ ਹੋਏ ਖਣਿਜ ਪਦਾਰਥ, ਕੋਇਲਾ, ਪੈਟਰੋਲੀਅਮ ਅਤੇ ਹੋਰ ਧਾਤਾਂ ਜਿਨ੍ਹਾਂ ਨੂੰ ਆਧੁਨਿਕ ਮਨੁੱਖ ਬੜੀ ਤੇਜ਼ੀ ਨਾਲ ਖ਼ਤਮ ਕਰ ਰਿਹਾ ਹੈ। ਪੰਜ ਸੌ ਸਾਲ ਪਹਿਲਾਂ ਯੂਰਪ ਤੋਂ ਸ਼ੁਰੂ ਹੋਈ ਉਦਯੋਗਿਕ ਕ੍ਰਾਂਤੀ ਲੱਖਾਂ ਸਾਲਾਂ ਵਿੱਚ ਬਣੇ ਇਨ੍ਹਾਂ ਕੁਦਰਤੀ ਸਾਧਨਾਂ ਨੂੰ ਕੁਝ ਸੈਂਕੜੇ ਸਾਲਾਂ ਵਿੱਚ ਖ਼ਤਮ ਹੋਣ ਦੇ ਕਿਨਾਰੇ ਤੇ ਲੈ ਆਈ ਹੈ। ਪੀਣ ਯੋਗ ਪਾਣੀ ਨੂੰ ਅਸੀਂ ਬੁਰੀ ਤਰ੍ਹਾਂ ਪ੍ਰਦੂਸ਼ਤ ਕਰ ਦਿੱਤਾ ਹੈ। ਕੋਇਲਾ ਅਤੇ ਪੈਟਰੋਲੀਅਮ ਨੂੰ ਜਲਾ ਕੇ ਅਸੀਂ ਪੂਰੀ ਹਵਾ ਨੂੰ ਪ੍ਰਦੂਸ਼ਿਤ ਕਰ ਦਿੱਤਾ ਹੈ। ਇੱਕ ਪਾਸੇ ਜਿੱਥੇ ਅਸੀਂ ਬੜੀ ਤੇਜ਼ੀ ਨਾਲ ਕੋਇਲਾ ਅਤੇ ਪੈਟਰੋਲੀਅਮ ਦੇ ਭੰਡਾਰਾਂ ਨੂੰ ਖਤਮ ਕਰ ਰਹੇ ਹਾਂ, ਉੱਥੇ ਅਸੀਂ ਆਪਣੇ ਸਾਹ ਲੈਣ ਵਾਲੀ ਹਵਾ ਨੂੰ ਵੀ ਪੂਰੀ ਤਰ੍ਹਾਂ ਦੂਸ਼ਿਤ ਕਰ ਦਿੱਤਾ ਹੈ। ਪੀਣ ਵਾਲੇ ਪਾਣੀ ਦੇ ਸੋਮਿਆਂ ਵਿੱਚ ਅਸੀਂ ਉਦਯੋਗਿਕ ਕੂੜਾ ਕਰਕਟ ਸੁੱਟ ਕੇ ਉਸ ਦਾ ਬੁਰਾ ਹਾਲ ਕਰ ਦਿੱਤਾ ਹੈ। ਇਸ ਤਰ੍ਹਾਂ ਕਰਨ ਨਾਲ ਜਿੱਥੇ ਪਾਣੀ ਵਿੱਚ ਮੌਜੂਦ ਹਜ਼ਾਰਾਂ ਲੱਖਾਂ ਜੀਵ ਜੰਤੂ ਮਰ ਜਾਂਦੇ ਹਨ ਉੱਥੇ ਧਰਤੀ ਉੱਪਰ ਰਹਿਣ ਵਾਲੇ ਜੀਵਾਂ ਅਤੇ ਮਨੁੱਖਾਂ ਲਈ ਵੀ ਹਜ਼ਾਰਾਂ ਕਿਸਮ ਦੀਆਂ ਬੀਮਾਰੀਆਂ ਪੈਦਾ ਹੁੰਦੀਆਂ ਅਤੇ ਇਹ ਸਾਰਾ ਕੁਝ ਮਨੁੱਖ ਦੀ ਬੇ ਸਮਝੀ ਅਤੇ ਲਾਪਰਵਾਹੀ ਦਾ ਹੀ ਨਤੀਜਾ ਹੈ। ਇੱਕ ਪਾਸੇ ਜਿੱਥੇ ਸਰਕਾਰਾਂ ਅਤੇ ਪ੍ਰਸ਼ਾਸਨ ਤੰਤਰ ਇਨ੍ਹਾਂ ਘਟਨਾਵਾਂ ਵੱਲ ਕੰਡ ਕਰਕੇ ਸੁੱਤਾ ਪਿਆ ਹੈ ਉੱਥੇ ਪ੍ਰਾਈਵੇਟ ਕੰਪਨੀਆਂ ਵੀ ਵਧੇਰੇ ਮੁਨਾਫ਼ਾ ਕਮਾਉਣ ਦੇ ਚੱਕਰ ਵਿਚ ਇਨ੍ਹਾਂ ਘਟਨਾਵਾਂ ਨੂੰ ਅੰਜਾਮ ਦਿੰਦੀਆਂ ਹਨ। ਅੱਜ ਦੇ ਸਮੇਂ ਵਿੱਚ ਪਲਾਸਟਿਕ ਦੇ ਉਤਪਾਦ ਮਿੱਟੀ ਅਤੇ ਪਾਣੀ ਨੂੰ ਪ੍ਰਦੂਸ਼ਤ ਕਰਨ ਲਈ ਬਹੁਤ ਵੱਡਾ ਰੋਲ ਅਦਾ ਕਰ ਰਹੇ ਹਨ। ਪਲਾਸਟਿਕ ਦੀਆਂ ਥੈਲੀਆਂ ਅਤੇ ਹੋਰ ਪੈਕਿੰਗ ਦਾ ਸਾਮਾਨ ਮਿੱਟੀ ਵਿੱਚ ਨਹੀਂ ਗਲਦਾ ਅਤੇ ਇਹ ਸਾਲਾਂ ਬੱਧੀ ਮਿੱਟੀ ਵਿੱਚ ਉਸੇ ਰੂਪ ਵਿੱਚ ਪਿਆ ਰਹਿੰਦਾ ਹੈ ਜਿਸ ਕਰਕੇ ਮਿੱਟੀ ਪ੍ਰਦੂਸ਼ਿਤ ਹੋ ਜਾਂਦੀ ਹੈ ਅਤੇ ਇਸ ਦੀ ਉਪਜਾਊ ਸ਼ਕਤੀ ਨਸ਼ਟ ਹੋ ਜਾਂਦੀ ਹੈ। ਬਿਲਕੁਲ ਉਸੇ ਤਰ੍ਹਾਂ ਪਲਾਸਟਿਕ ਦੀਆਂ ਬੋਤਲਾਂ ਵੀ ਵਾਤਾਵਰਣ ਦੇ ਲਿਹਾਜ ਨਾਲ ਬਹੁਤ ਖਤਰਨਾਕ ਹਨ ਮਿਨਰਲ ਵਾਟਰ ਅਤੇ ਕੋਲਡ ਡਰਿੰਕ ਦੀਆਂ ਕਰੋੜਾਂ ਬੋਤਲਾਂ ਅਸੀਂ ਹਰ ਰੋਜ਼ ਖ਼ਾਲੀ ਕਰਕੇ ਕੂੜੇ ਵਿੱਚ ਸੁੱਟ ਦਿੰਦੇ ਹਾਂ। ਸਾਡੇ ਦੇਸ਼ ਭਾਰਤ ਸਮੇਤ ਪੂਰੇ ਵਿਸ਼ਵ ਵਿੱਚ ਪਲਾਸਟਿਕ ਨੂੰ ਰੀਸਾਈਕਲ ਕਰਨ ਦੀ ਦਰ ਕੋਈ ਬਹੁਤ ਚੰਗੀ ਨਹੀਂ ਹੈ ਇਸ ਗੱਲ ਦਾ ਸਬੂਤ ਸਾਨੂੰ ਗਲੀਆਂ ਨਾਲੀਆਂ ਅਤੇ ਪਾਣੀ ਦੇ ਸੋਮਿਆਂ ਵਿੱਚ ਇਕੱਠੇ ਹੋਏ ਪਲਾਸਟਿਕ ਦੇ ਵੇਸਟ ਤੋਂ ਮਿਲ ਜਾਂਦਾ ਹੈ। ਇਹ ਗੱਲ ਆਮ ਦੇਖਣ ਵਿੱਚ ਆਉਂਦੀ ਹੈ ਕਿ ਖਾਣ ਪੀਣ ਦਾ ਲਗਭਗ ਨੱਬੇ ਪ੍ਰਤੀਸ਼ਤ ਸਾਮਾਨ ਪਲਾਸਟਿਕ ਦੀ ਪੈਕਿੰਗ ਵਿੱਚ ਆਉਂਦਾ ਹੈ ਅਤੇ ਅਸੀਂ ਸਭ ਕੁਝ ਜਾਣਦੇ ਹੋਏ ਵੀ ਆਪਣਾ ਖਾ ਪੀ ਕੇ ਪਲਾਸਟਿਕ ਨੂੰ ਸੁੱਟ ਦਿੰਦੇ ਹਾਂ। ਬਿਨਾਂ ਸ਼ੱਕ ਆਉਣ ਵਾਲੀਆਂ ਪੀੜ੍ਹੀਆਂ ਲਈ ਪਲਾਸਟਿਕ ਇੱਕ ਬਹੁਤ ਵੱਡੀ ਭਿਅੰਕਰ ਬਿਮਾਰੀ ਦੇ ਰੂਪ ਵਿੱਚ ਸਾਹਮਣੇ ਆਵੇਗਾ। ਅਸੀਂ ਇਸ ਗੱਲ ਤੋਂ ਮੁੱਕਰ ਨਹੀਂ ਸਕਦੇ ਕਿ ਪਿਛਲੇ ਸੈਂਕੜੇ ਸਾਲਾਂ ਤੋਂ ਅਸੀਂ ਲਗਾਤਾਰ ਦਰੱਖਤਾਂ ਨੂੰ ਕੱਟਦੇ ਆ ਰਹੇ ਹਾਂ। ਅਸੀਂ ਧਰਤੀ ਉਪਰਲੇ ਜੰਗਲਾਂ ਨੂੰ ਕੱਟ ਕੇ ਆਪਣੇ ਰਹਿਣ ਲਈ ਅਤੇ ਖੇਤੀ ਕਰਨ ਲਈ ਜ਼ਮੀਨਾਂ ਆਬਾਦ ਕੀਤੀਆਂ ਹਨ। ਅਤੇ ਇਸ ਤੋਂ ਬਿਨਾਂ ਪਹਾੜਾਂ ਵਿਚਲੇ ਜੰਗਲਾਂ ਨੂੰ ਅਸੀਂ ਆਪਣੀਆਂ ਜ਼ਰੂਰਤਾਂ ਲਈ ਖਤਮ ਕਰ ਦਿੱਤਾ ਹੈ। ਧਰਤੀ ਉੱਪਰ ਜੀਵਨ ਦੀ ਹੋਂਦ ਨੂੰ ਬਚਾਈ ਰੱਖਣ ਲਈ ਸਾਫ਼ ਸੁਥਰੇ ਵਾਤਾਵਰਨ ਦੀ ਬਹੁਤ ਜ਼ਿਆਦਾ ਜ਼ਰੂਰਤ ਹੈ ਅਤੇ ਇਹ ਅਸੀਂ ਚੰਗੀ ਤਰ੍ਹਾਂ ਜਾਣਦੇ ਹਾਂ ਕਿ ਵਾਤਾਵਰਨ ਨੂੰ ਸਾਫ਼ ਅਤੇ ਸ਼ੁੱਧ ਰੱਖਣ ਲਈ ਦਰੱਖਤਾਂ ਦੀ ਬਹੁਤ ਵੱਡੀ ਭੂਮਿਕਾ ਹੁੰਦੀ ਹੈ। ਇੱਕ ਪਾਸੇ ਤਾਂ ਲਗਾਤਾਰ ਅਸੀਂ ਵਾਤਾਵਰਨ ਨੂੰ ਗੰਧਲਾ ਕਰਦੇ ਜਾ ਰਹੇ ਹਾਂ ਅਤੇ ਦੂਸਰੇ ਪਾਸੇ ਵਾਤਾਵਰਨ ਨੂੰ ਸਾਫ਼ ਕਰਨ ਵਾਲੇ ਦਰੱਖ਼ਤਾਂ ਦੀ ਗਿਣਤੀ ਲਗਾਤਾਰ ਘੱਟਦੀ ਹੀ ਜਾ ਰਹੀ ਹੈ। ਸਭ ਤੋਂ ਜ਼ਿਆਦਾ ਫਿਕਰ ਵਾਲੀ ਗੱਲ ਇਹ ਹੈ ਕਿ ਜਿੱਥੇ ਬੜੀ ਤੇਜ਼ੀ ਨਾਲ ਵਾਤਾਵਰਨ ਪ੍ਰਦੂਸ਼ਿਤ ਹੋ ਰਿਹਾ ਹੈ ਉੱਥੇ ਅਸੀਂ ਦਰੱਖਤ ਲਾਉਣ ਵਿਚ ਵੀ ਕੋਈ ਦਿਲਚਸਪੀ ਨਹੀਂ ਦਿਖਾ ਰਹੇ। ਬੇਸ਼ੱਕ ਕੁਝ ਲੋਕ ਇਸ ਸਬੰਧ ਵਿੱਚ ਆਪਣਾ ਵਡਮੁੱਲਾ ਯੋਗਦਾਨ ਦੇ ਰਹੇ ਹਨ ਪਰ ਫਿਰ ਵੀ ਬਹੁ ਗਿਣਤੀ ਇਸ ਮਾਮਲੇ ਵਿੱਚ ਆਪਣੇ ਆਪ ਨੂੰ ਬਿਲਕੁਲ ਗ਼ੈਰ ਜਿੰਮੇਵਾਰ ਸਾਬਿਤ ਕਰ ਰਹੀ ਹੈ। ਪਿਛਲੇ ਸਮੇਂ ਵਿੱਚ ਕੀਤੀ ਹੋਈ ਕੁਦਰਤੀ ਸਾਧਨਾਂ ਦੀ ਫਜ਼ੂਲ ਖਰਚੀ ਆਉਣ ਵਾਲੇ ਸਮੇਂ ਵਿੱਚ ਮਨੁੱਖ ਲਈ ਇੱਕ ਬਹੁਤ ਵੱਡੇ ਨੁਕਸਾਨ ਦੇ ਰੂਪ ਵਿੱਚ ਸਾਹਮਣੇ ਆਵੇਗੀ। ਇਸ ਗੱਲ ਤੋਂ ਬਿਲਕੁਲ ਵੀ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਪਿਛਲੇ ਸਮੇਂ ਵਿੱਚ ਅਸੀਂ ਬਿਜਲੀ, ਪਾਣੀ ਅਤੇ ਪੈਟਰੋਲੀਅਮ ਸਾਧਨਾਂ ਦੀ ਬਹੁਤ ਵੱਡੇ ਪੱਧਰ ਤੇ ਫਜ਼ੂਲ ਖਰਚੀ ਕੀਤੀ ਹੈ। ਦੁਨੀਆਂ ਭਰ ਦੇ ਸਿਆਣੇ ਲੋਕ ਇਸ ਗੱਲ ਲਈ ਬਹੁਤ ਚਿੰਤਤ ਹਨ ਕਿ ਆਉਣ ਵਾਲੇ ਸਮੇਂ ਵਿੱਚ ਪੈਟਰੋਲੀਅਮ ਪਦਾਰਥਾਂ ਅਤੇ ਪੀਣ ਵਾਲੇ ਪਾਣੀ ਦੀ ਬਹੁਤ ਵੱਡੀ ਕਿੱਲਤ ਆਵੇਗੀ ਅਤੇ ਇਸ ਗੱਲ ਤੋਂ ਵੀ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਆਉਣ ਵਾਲੇ ਸਮੇਂ ਵਿਚ ਆਮ ਲੋਕਾਂ ਨੂੰ ਬਿਜਲੀ ਪਾਣੀ ਅਤੇ ਹੋਰ ਊਰਜਾ ਦੇ ਸੋਮਿਆਂ ਲਈ ਇੱਕ ਵੱਡੀ ਆਰਥਿਕ ਲੁੱਟ ਦਾ ਸਾਹਮਣਾ ਕਰਨਾ ਪਵੇਗਾ।

ਬਿਨਾਂ ਸ਼ੱਕ ਅਸੀਂ ਖਤਰੇ ਦੇ ਨਿਸ਼ਾਨ ਨੂੰ ਪਾਰ ਕਰ ਲਿਆ ਹੈ ਅਤੇ ਅਸੀਂ ਬੜੀ ਤੇਜ਼ੀ ਨਾਲ ਤਬਾਹੀ ਵੱਲ ਵਧ ਰਹੇ ਹਾਂ।



ਗੁਰਦੀਪ ਕੌਰੇਆਣਾ
9915013953

# ਡਾ. ਅੰਬੇਡਕਰ ਸਕੂਲ ਬੁਲੰਦਪੁਰ ਵੱਲੋਂ "ਵਿੱਦਿਅਕ ਟਰਿੱਪ " ਦਾ ਆਯੋਜਨ

● ਵੱਧ ਤੋਂ ਵੱਧ ਵਿੱਦਿਆ ਹਾਸਿਲ ਕਰੋ-ਸੰਤ ਨਿਰੰਜਨ ਦਾਸ ਜੀ ●ਸਾਇੰਸ ਸਿਟੀ ਅਤੇ ਜੰਗ-ਏ- ਆਜ਼ਾਦੀ ਅਜੂਬੇ ਬਾਰੇ ਜਾਣਕਾਰੀ ਪ੍ਰਾਪਤ ਕੀਤੀ
















**ਜਲੰਧਰ, (ਪਰਮਜੀਤ ਜੱਸਲ)**- ਡਾ. ਬੀ.ਆਰ. ਅੰਬੇਡਕਰ ਪਬਲਿਕ ਸਕੂਲ ਬੁਲੰਦਪੁਰ ਵੱਲੋਂ ਇੱਕ "ਵਿੱਦਿਅਕ ਟਰਿੱਪ "ਦਾ ਆਯੋਜਿਨ ਕੀਤਾ ਗਿਆ। ਵਿਦਿਆਰਥੀਆਂ ਨੇ ਇੱਕ ਬੱਸ ਰਾਹੀਂ ਵੱਖ- ਵੱਖ ਇਤਿਹਾਸਕ ਅਸਥਾਨਾਂ ਦੀ ਯਾਤਰਾ ਦਾ ਖੂਬ ਆਨੰਦ ਮਾਣਿਆ ਅਤੇ ਇਤਿਹਾਸਿਕ ਜਾਣਕਾਰੀ ਹਾਸਿਲ ਕੀਤੀ। ਸਭ ਤੋਂ ਪਹਿਲਾਂ ਡੇਰਾ ਸੰਤ ਸਰਵਣ ਦਾਸ ਜੀ, ਸੱਚਖੰਡ ਬੱਲਾਂ ਜਲੰਧਰ ਦੇ ਦਰਸ਼ਨ ਕੀਤੇ। ਜਿੱਥੇ ਸੰਤ ਨਿਰੰਜਨ ਦਾਸ ਮਹਾਰਾਜ ਜੀ ਤੋਂ ਅਸ਼ੀਰਵਾਦ ਪ੍ਰਾਪਤ ਕੀਤਾ। ਮਹਾਂਪੁਰਸ਼ਾਂ ਨੇ ਵਿਦਿਆਰਥੀਆਂ ਨੂੰ ਪੂਰੀ ਲਗਨ ਅਤੇ ਸਖਤ ਮਿਹਨਤ ਕਰਕੇ ਵੱਧ ਤੋਂ ਵੱਧ ਵਿੱਦਿਆ ਹਾਸਲ ਕਰਨ ਲਈ ਪ੍ਰੇਰਿਆ। ਇਸ ਤੋਂ ਬਾਅਦ ਵਿਦਿਆਰਥੀ ਹੱਸਦੇ ਖੇਡਦੇ ਸਫਰ ਕਰਦੇ ਹੋਏ ਸਾਇੰਸ ਸਿਟੀ , ਜ਼ਿਲਾ ਕਪੂਰਥਲਾ ਵਿੱਚ ਪਹੁੰਚੇ। ਸਾਇੰਸ ਸਿਟੀ ਦਾ ਨਿਰਮਾਣ 17 ਅਕਤੂਬਰ 1997 'ਚ ਕੀਤਾ ਗਿਆ, ਜੋ 72 ਏਕੜ ਵਿਚ ਫੈਲਿਆ ਹੋਇਆ ਹੈ। ਇਹ "ਪੁਸ਼ਪਾ ਗੁਜਰਾਲ ਸਾਇੰਸ ਸਿਟੀ " ਭਾਰਤ ਦੇ ਸਾਬਕਾ ਪ੍ਰਧਾਨ ਮੰਤਰੀ ਇੰਦਰ ਕੁਮਾਰ ਗੁਜਰਾਲ ਜੀ ਦੀ ਮਹਾਨ ਦੇਣ ਸਦਕਾ ਹੈ। ਜਿਉਂ ਹੀ ਟਿਕਟਾਂ ਲੈ ਕੇ ਵਿਦਿਆਰਥੀ ਤੇ ਅਧਿਆਪਕ ਸਾਇੰਸ ਸਿਟੀ ਦੇ ਅੰਦਰ ਦਾਖਲ ਹੋਏ ਤਾਂ ਇੰਝ ਮਹਿਸੂਸ ਹੋ ਰਿਹਾ ਸੀ ਜਿਵੇਂ ਅਸੀਂ ਪੁਲਾੜ ਦੀ ਦੁਨੀਆਂ 'ਚ, ਇੱਕ ਵੱਖਰੀ ਦੁਨੀਆਂ ਵਿੱਚ ਪਹੁੰਚ ਗਏ ਹਾਂ। ਪੁਲਾੜ ਵਿਗਿਆਨ ਅਤੇ ਵਿਗਿਆਨੀਆਂ ਬਾਰੇ ਕਾਫੀ ਜਾਣਕਾਰੀ ਮਿਲੀ। ਗੈਲਰੀ ਵਿੱਚ ਜਹਾਜ਼ ਕਿਵੇਂ ਉਪਰ ਚੜ੍ਹਦਾ ਹੈ। ਪਹਿਲਾ ਮਨੁੱਖ ਕਿਸ ਤਰ੍ਹਾਂ ਦਾ ਸੀ। ਭਾਰਤ ਦੇ ਵੱਖ -ਵੱਖ ਰਾਜਾਂ, ਮਿੱਟੀ ਦੀਆਂ ਕਿਸਮਾਂ, ਪੰਛੀਆਂ ਅਤੇ ਉਹਨਾਂ ਦੀਆਂ ਆਵਾਜ਼ਾਂ ਬਾਰੇ ਵੀ ਜਾਣਕਾਰੀ ਹਾਸਿਲ ਕੀਤੀ। ਡਾਇਨਾਸੋਰ ਪਾਰਕ ਵਿੱਚ ਲੱਗੇ ਵੱਡੇ ਵੱਡੇ ਡਾਇਨਾਸੋਰ ਨੂੰ ਦੇਖਿਆ ਅਤੇ ਉਹਨਾਂ ਦੀਆਂ ਆਵਾਜ਼ਾਂ ਨੂੰ ਸੁਣ ਕੇ ਤਾਂ ਵਿਦਿਆਰਥੀ ਘਬਰਾ ਗਏ। ਜਿਵੇਂ ਉਹ ਸੱਚ ਮੁੱਚ ਜਿਉਂਦੇ ਹੋਣ। ਅਧਿਆਪਕਾਂ ਨੇ ਦੱਸਿਆ, ਡਰੋ ਨਾ ਮਹਿਸੂਸ ਕਰੋ। ਸੂਰਜੀ ਘੜੀ, ਮਿੱਗ 23 ਜਹਾਜ਼ ਨੂੰ ਨੇੜੇ ਤੋਂ ਤੱਕਿਆ ਅਤੇ ਵਿਦਿਆਰਥੀਆਂ ਨੇ ਪੀਂਘਾਂ ਦਾ ਵੀ ਆਨੰਦ ਮਾਣਿਆ। ਪ੍ਰਕਿਰਤੀ ਬਾਰੇ ਫਿਲਮ ਵੀ ਦਿਖਾਈ ਗਈ। ਗਰਮੀ ਵੀ ਬਹੁਤ ਸੀ। ਸਿੱਖਾਂ ਦੇ ਪੰਜਵੇਂ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਅਤੇ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਗੋਬਿੰਦ ਸਿੰਘ (ਮੀਰੀ - ਪੀਰੀ ਦੇ ਮਾਲਕ) ਨਾਲ ਸਬੰਧਿਤ ਇਤਿਹਾਸਿਕ ਸਥਾਨ "ਗੁਰਦੁਆਰਾ ਗੰਗਸਰ ਸਾਹਿਬ, ਕਰਤਾਰਪੁਰ " ਪਹੁੰਚੇ। ਉੱਥੇ ਨਤਮਸਤਕ ਹੋਣ ਤੋਂ ਬਾਅਦ ਗੁਰੂਆਂ ਬਾਰੇ ਜਾਣਕਾਰੀ ਦਿੱਤੀ ਗਈ ।
ਫਿਰ ਅਜੂਬਾ "ਜੰਗ -ਏ-ਆਜ਼ਾਦੀ "ਕਰਤਾਰਪੁਰ 'ਚ ਪਹੁੰਚੇ। ਟਿਕਟਾਂ ਲੈ ਕੇ ਅੱਗੇ ਵਧੇ। ਬੱਚਿਆਂ ਨੂੰ ਮਹਾਰਾਜਾ ਰਣਜੀਤ ਸਿੰਘ ਜੀ ਦੀ ਫਿਲਮ ਦਿਖਾਈ ਗਈ। ਜਿਸ ਤੋਂ ਮਹਾਰਾਜਾ ਰਣਜੀਤ ਸਿੰਘ ਬਾਰੇ ਇਤਿਹਾਸਿਕ ਜਾਣਕਾਰੀ ਪ੍ਰਾਪਤ ਹੋਈ। ਫਿਰ ਵੱਖ -ਵੱਖ 7 ਫੇਸਾਂ 'ਚ ਦੇਸ਼ ਦੀ ਆਜ਼ਾਦੀ ਖਾਤਰ ਕੁਰਬਾਨੀਆਂ ਦੇਣ ਵਾਲੇ ਗਦਰੀ ਬਾਬਿਆ, ਕੂਕਾ ਲਹਿਰ ਦੇ ਨਿੱਧੜਕ ਯੋਧਿਆ, ਸ਼ਹੀਦਾਂ ਦੇ ਸਿਰਤਾਜ ਸਰਦਾਰ ਭਗਤ ਸਿੰਘ ,ਰਾਜਗੁਰੂ ਅਤੇ ਸੁਖਦੇਵ, ਆਜ਼ਾਦੀ ਦੀ ਖਾਤਰ ਮਰ ਮਿਟਣੇ ਵਾਲੇ ਸ਼ਹੀਦਾਂ ਅਤੇ ਯੋਧਿਆਂ ਬਾਰੇ , ਜਲ੍ਹਿਆ ਵਾਲੇ ਬਾਗ ਦੇ ਸਾਕੇ, ਸ਼ਹੀਦ ਊਧਮ ਸਿੰਘ ਆਦਿ ਬਾਰੇ ਵਿਦਿਆਰਥੀਆਂ ਨੇ ਜਾਣਕਾਰੀ ਹਾਸਿਲ ਕੀਤੀ। ਸ਼ਾਮ ਦੇ 5 ਵੱਜ ਚੁੱਕੇ ਸਨ। ਫਿਰ ਵਾਪਸੀ ਕੀਤੀ। ਰਸਤੇ ਵਿੱਚ ਤੱਪ ਅਸਥਾਨ ਡੇਰਾ ਸੰਤ ਬਾਬਾ ਉਂਕਾਰ ਨਾਥ ਕਾਲਾ ਬਾਹੀਆਂ ਦੇ ਵੀ ਦਰਸ਼ਨ ਕੀਤੇ । ਇੰਝ "ਵਿੱਦਿਅਕ ਟਰਿੱਪ " ਆਪਣੀ ਮੰਜ਼ਿਲ 'ਤੇ ਸਫਰ ਕਰਦਾ ਹੋਇਆ ਖੁਸ਼ੀ -ਖੁਸ਼ੀ ਸਕੂਲ ਪਹੁੰਚਿਆ। ਅੰਤ ਵਿੱਚ ਪ੍ਰਿੰਸੀਪਲ ਪਰਮਜੀਤ ਜੱਸਲ ਨੇ ਸਮੂਹ ਸਟਾਫ , ਵਿਦਿਆਰਥੀਆਂ ਅਤੇ ਸਾਬਕਾ ਇੰਜ. ਗਰੀਬ ਦਾਸ ਜੀ ਦਾ ਧੰਨਵਾਦ ਕੀਤਾ। ਇਹ ਵਿੱਦਿਅਕ ਟਰਿੱਪ ਵਿਦਿਆਰਥੀਆਂ ਅਤੇ ਅਧਿਆਪਕਾਂ ਦੇ ਮਨਾਂ 'ਚ ਇੱਕ ਅਮਿਟ ਪੈੜ ਛੱਡ ਗਿਆ, ਜੋ ਉਹਨਾਂ ਨੂੰ ਹਮੇਸ਼ਾ ਹੀ ਜ਼ਿੰਦਗੀ 'ਚ ਯਾਦ ਰਹੇਗਾ।

# ਲਾਇਬ੍ਰੇਰੀਆਂ ਦੀ ਵਿਦਿਆਰਥੀਆਂ ਦੇ ਸਮੁੱਚੇ ਵਿਕਾਸ ਵਿੱਚ ਭੂਮਿਕਾ

ਡਿਜ਼ੀਟਲ ਸਿੱਖਿਆ ਦੇ ਯੁੱਗ ਦੇ ਵਿੱਚ ਲਾਇਬ੍ਰੇਰੀਆਂ ਦੀ ਭੂਮਿਕਾ ਵਿਦਿਆਰਥੀਆਂ ਦੇ ਸਮੁੱਚੇ ਵਿਕਾਸ ਵਿੱਚ ਪਹਿਲਾਂ ਤੋਂ ਵੀ ਜ਼ਿਆਦਾ ਮਹੱਤਵਪੂਰਨ ਤੇ ਜ਼ਰੂਰੀ ਹੋ ਗਈ ਹੈ । ਲਾਇਬਰੇਰੀਆਂ ਸਿਰਫ਼ ਕਿਤਾਬਾਂ ਦੇ ਸੰਗ੍ਰਹਿ ਹੋਣ ਦੇ ਬਜਾਏ ਗਤੀਸ਼ੀਲ ਸਿੱਖਣ ਅਤੇ ਸਮਾਜਿਕ ਸਹਿਯੋਗ ਦੇ ਕੇਂਦਰਾਂ ਵਿੱਚ ਵਿਕਸਤ ਹੋ ਗਈਆਂ ਹਨ, ਜੋ ਵਿਦਿਆਰਥੀਆਂ ਵਿੱਚ ਬੁੱਧੀਜੀਵੀ ਵਿਕਾਸ, ਰਚਨਾਤਮਕਤਾ ਅਤੇ ਸਮਾਜਿਕ ਹੁਨਰਾਂ ਨੂੰ ਉਤਸ਼ਾਹਿਤ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੀਆਂ ਹਨ।

ਲਾਇਬ੍ਰੇਰੀਆਂ ਵਿਦਿਆਰਥੀਆਂ ਨੂੰ ਜਾਣਕਾਰੀ ਦੀ ਇੱਕ ਧਾਰਾ ਤੱਕ ਪਹੁੰਚ ਪ੍ਰਦਾਨ ਕਰਦੀਆਂ ਹਨ ਜੋ ਪਾਠ ਪੁਸਤਕਾਂ ਤੋਂ ਬਹੁਤ ਵੱਖਰੀ ਹੁੰਦੀ ਹੈ। ਵਿਭਿੰਨ ਸੰਗ੍ਰਹਿ ਜੋ ਕਿ ਕਾਲਪਨਿਕ, ਗੈਰ-ਕਾਲਪਨਿਕ, ਅਕਾਦਮਿਕ ਜਰਨਲ ਅਤੇ ਮਲਟੀਮੀਡੀਆ ਸਰੋਤਾਂ ਨੂੰ ਸ਼ਾਮਿਲ ਕਰਦੀਆਂ ਹਨ । ਲਾਇਬ੍ਰੇਰੀਆਂ ਵੱਖ-ਵੱਖ ਰੁਚੀਆਂ ਅਤੇ ਸਿੱਖਣ ਦੀਆਂ ਸ਼ੈਲੀਆਂ ਨੂੰ ਧਿਆਨ ਵਿੱਚ ਰੱਖਦੀਆਂ ਹਨ। ਇਹ ਪਹੁੰਚ ਸੁਤੰਤਰਤਾ ਨਾਲ ਖੋਜ ਕਰਨ ਅਤੇ ਸੰਵੇਦਨਸ਼ੀਲ ਸੋਚ ਨੂੰ ਉਤਸ਼ਾਹਿਤ ਕਰਦੀ ਹੈ ਜੋ ਕਿ ਅਕਾਦਮਿਕ ਸਫਲਤਾ ਅਤੇ ਜੀਵਨ ਭਰ ਦੀ ਸਿੱਖਿਆ ਲਈ ਜਰੂਰੀ ਹੁੰਦੇ ਹਨ।

ਇਸ ਤੋਂ ਇਲਾਵਾ ਆਧੁਨਿਕ ਲਾਇਬ੍ਰੇਰੀਆਂ ਉੱਚ ਤਕਨੀਕ ਨਾਲ ਸਜੀਆਂ ਹੁੰਦੀਆਂ ਹਨ, ਜਿਸ ਵਿੱਚ ਕੰਪਿਊਟਰ, ਈ-ਰੀਡਰ ਅਤੇ ਆਨਲਾਈਨ ਡੇਟਾਬੇਸ ਸ਼ਾਮਿਲ ਹਨ। ਇਹ ਟੂਲ ਡਿਜੀਟਲ ਲਿਟਰੇਸੀ ਨੂੰ ਸੁਖਾਲੇ ਬਣਾਉਂਦੇ ਹਨ ਜਿਸ ਨਾਲ ਵਿਦਿਆਰਥੀ ਵਿਆਪਕ ਜਾਣਕਾਰੀ ਦੇ ਦ੍ਰਿਸ਼ਟੀਕੋਣ ਵਿੱਚ ਪ੍ਰਭਾਵਸ਼ਾਲੀ ਤਰੀਕੇ ਨਾਲ ਨੈਵੀਗੇਟ ਕਰ ਸਕਦੇ ਹਨ। ਹੁਣ ਵਿਦਿਅਕ ਸੰਸਥਾਵਾਂ ਆਪਣੇ ਪਾਠਯਕ੍ਰਮਾਂ ਵਿੱਚ ਤਕਨੀਕ ਨੂੰ ਸ਼ਾਮਿਲ ਕਰ ਰਹੀਆਂ ਹਨ, ਲਾਇਬ੍ਰੇਰੀਆਂ ਇਸ ਪਰਿਵਰਤਨ ਵਿੱਚ ਅਹਿਮ ਭਾਗੀਦਾਰ ਬਣ ਰਹੀਆਂ ਹਨ।

ਲਾਇਬ੍ਰੇਰੀਆਂ ਦੀ ਇੱਕ ਮੁੱਖ ਭੂਮਿਕਾ ਪੜ੍ਹਾਈ ਨੂੰ ਉਤਸ਼ਾਹਿਤ ਕਰਨਾ ਹੈ। ਪੜ੍ਹਾਈ ਦੇ ਪ੍ਰੋਗਰਾਮਾਂ, ਕਹਾਣੀ ਸੁਣਾਉਣ ਦੇ ਸੈਸ਼ਨਾਂ ਅਤੇ ਕਿਤਾਬਾਂ ਦੇ ਕਲੱਬਾਂ ਦੁਆਰਾ ਲਾਇਬ੍ਰੇਰੀਆਂ ਵਿਦਿਆਰਥੀਆਂ ਨੂੰ ਜੁੜਨ ਅਤੇ ਛੋਟੀ ਉਮਰ ਤੋਂ ਪੜ੍ਹਾਈ ਲਈ ਪਿਆਰ ਪੈਦਾ ਕਰਨ ਵਿੱਚ ਮਦਦ ਕਰਦੀਆਂ ਹਨ। ਖ਼ੋਜ ਨੇ ਲਗਾਤਾਰ ਇਹ ਦਰਸਾਇਆ ਹੈ ਕਿ ਲਗਾਤਾਰ ਪੜ੍ਹਾਈ ਸ਼ਬਦਾਵਲੀ , ਸਮਝ ਸਕਣ ਦੇ ਹੁਨਰਾਂ ਅਤੇ ਸਮੁੱਚੇ ਅਕਾਦਮਿਕ ਪ੍ਰਦਰਸ਼ਨ ਨੂੰ ਸੁਧਾਰਦੀਆਂ ਹਨ।

ਇਸ ਤੋਂ ਇਲਾਵਾ ਬਹੁਤ ਸਾਰੀਆਂ ਲਾਇਬ੍ਰੇਰੀਆਂ ਹੁਣ ਨਵੀਨਤਮ ਯੋਜਨਾਵਾਂ ਅਤੇ ਲੇਖਕਾਂ ਦੇ ਦੌਰੇ ਦੀ ਪੇਸ਼ਕਸ਼ ਕਰਦੀਆਂ ਹਨ। ਇਹ ਗਤੀਵਿਧੀਆਂ ਵਿਦਿਆਰਥੀਆਂ ਨੂੰ ਪੜ੍ਹਨ ਲਈ ਪ੍ਰੇਰਿਤ ਕਰਨ ਦੇ ਨਾਲ-ਨਾਲ ਸਾਥੀਆਂ ਵਿਚਕਾਰ ਸਮਾਜਿਕਤਾ ਅਤੇ ਸਹਿਯੋਗ ਦੀ ਭਾਵਨਾ ਨੂੰ ਵੀ ਉਤਸ਼ਾਹਿਤ ਕਰਦੀਆਂ ਹਨ।

ਲਾਇਬ੍ਰੇਰੀਆਂ ਵਧੇਰੇ ਰਚਨਾਤਮਕਤਾ ਅਤੇ ਨਵੀਨਤਾ ਦੇ ਸਥਾਨ ਬਣ ਰਹੀਆਂ ਹਨ। ਬਹੁਤ ਸਾਰੀਆਂ ਸੰਸਥਾਵਾਂ ਨੇ ਮੈਕਰਸਪੇਸਾਂ ਦੀ ਸ਼ੁਰੂਆਤ ਕੀਤੀ ਹੈ ਇਹ ਖਾਸ ਖੇਤਰ ਹਨ ਜੋ ਹੱਥੋਂ ਬਣਾਉਣ, ਕੋਡਿੰਗ ਅਤੇ ਪ੍ਰਯੋਗ ਲਈ ਟੂਲਾਂ ਨਾਲ ਸਜਿਆ ਹੁੰਦਾ ਹੈ। ਇਹ ਵਾਤਾਵਰਨ ਵਿਦਿਆਰਥੀਆਂ ਨੂੰ ਆਪਣੇ ਰੁਚੀਆਂ ਦੀ ਖ਼ੋਜ ਕਰਨ, ਹੋਰਾਂ ਨਾਲ ਸਹਿਯੋਗ ਕਰਨ ਅਤੇ ਸਮੱਸਿਆ ਹੱਲ ਕਰਨ ਵਾਲੇ ਹੁਨਰਾਂ ਨੂੰ ਵਿਕਸਿਤ ਕਰਨ ਲਈ ਉਤਸ਼ਾਹਿਤ ਕਰਦਾ ਹੈ।

ਰੋਬੋਟਿਕਸ, ਕਲਾ ਅਤੇ ਲਿਖਾਈ ਵਰਗੇ ਵਿਸ਼ਿਆਂ 'ਤੇ ਵਰਕਸ਼ਾਪਾਂ ਆਮ ਤੌਰ 'ਤੇ ਲਾਇਬ੍ਰੇਰੀਆਂ ਵਿੱਚ ਆਯੋਜਿਤ ਕੀਤੀਆਂ ਜਾਂਦੀਆਂ ਹਨ ਜੋ ਵਿਦਿਆਰਥੀਆਂ ਨੂੰ ਰਚਨਾਤਮਕ ਤੌਰ 'ਤੇ ਆਪਣੇ ਆਪ ਨੂੰ ਪ੍ਰਗਟ ਕਰਨ ਦੇ ਮੌਕੇ ਦਿੰਦੀਆਂ ਹਨ ਜਦੋਂ ਕਿ ਉਹ ਆਪਣੀਆਂ ਸੰਵੇਦਨਸ਼ੀਲ ਸੋਚ ਦੀਆਂ ਯੋਗਤਾਵਾਂ ਨੂੰ ਵੀ ਤੇਜ਼ ਕਰਦੇ ਹਨ। ਹੱਥੋਂ-ਹੱਥ ਪ੍ਰੋਜੈਕਟਾਂ ਅਤੇ ਸਹਿਯੋਗੀ ਗਤੀਵਿਧੀਆਂ ਵਿੱਚ ਸ਼ਾਮਿਲ ਹੋ ਕੇ ਵਿਦਿਆਰਥੀ ਚੁਣੌਤੀਆਂ ਦਾ ਸਾਹਮਣਾ ਖੁੱਲੇ ਮਨ ਅਤੇ ਪ੍ਰਯੋਗ ਕਰਨ ਦੀ ਇਛਾ ਨਾਲ ਕਰਨ ਦਾ ਸਿਖਦੇ ਹਨ।

ਅਕਾਦਮਿਕ ਕਾਰਜਾਂ ਤੋਂ ਬਿਨਾ ਲਾਇਬ੍ਰੇਰੀਆਂ ਸਮਾਜਿਕ ਹੁਨਰਾਂ ਅਤੇ ਸਮਾਜਿਕ ਭਾਗੀਦਾਰੀ ਨੂੰ ਨਿਖਾਰਣ ਵਿੱਚ ਇੱਕ ਮਹੱਤਵਪੂਰਣ ਭੂਮਿਕਾ ਨਿਭਾਉਂਦੀਆਂ ਹਨ। ਇਹ ਸੁਰੱਖਿਅਤ ਥਾਵਾਂ ਵਜੋਂ ਕੰਮ ਕਰਦੀਆਂ ਹਨ ਜਿੱਥੇ ਵਿਦਿਆਰਥੀ ਇਕੱਠੇ ਹੋ ਸਕਦੇ ਹਨ, ਸਮੂਹ ਪ੍ਰੋਜੈਕਟਾਂ 'ਤੇ ਸਹਿਯੋਗ ਕਰ ਸਕਦੇ ਹਨ ਜਾਂ ਸਿਰਫ਼ ਆਪਣੇ ਸਾਥੀਆਂ ਨਾਲ ਗੱਲਬਾਤ ਕਰ ਸਕਦੇ ਹਨ। ਇਹ ਪਰਸਪਰ ਗੱਲਬਾਤ ਟੀਮਵਰਕ, ਸੰਚਾਰ ਦੇ ਹੁਨਰਾਂ ਅਤੇ ਸਹਿਯੋਗ ਕਰਨ ਦੀ ਭਾਵਨਾ ਨੂੰ ਹੁੰਦੀਆਂ ਹਨ । ਇਹ ਉਹ ਗੁਣ ਹਨ ਜੋ ਨਿੱਜੀ ਅਤੇ ਪੇਸ਼ਾਵਰ ਸਫਲਤਾ ਲਈ ਜ਼ਰੂਰੀ ਹੁੰਦੇ ਹਨ।

ਲਾਇਬ੍ਰੇਰੀਆਂ ਅਕਸਰ ਸਮਾਜਿਕ ਇਵੈਂਟਾਂ ਵੀ ਆਯੋਜਿਤ ਕਰਦੀਆਂ ਹਨ, ਜਿਵੇਂ ਕਿ ਮਾਪਿਆਂ ਲਈ ਵਰਕਸ਼ਾਪਾਂ, ਸਭਿਆਚਾਰਕ ਮੇਲੇ, ਅਤੇ ਵੋਲੰਟੀਅਰ ਮੌਕੇ। ਇਹ ਪਹਿਲਕਦਮ ਵਿਦਿਆਰਥੀਆਂ ਨੂੰ ਆਪਣੇ ਸਮਾਜਾਂ ਨਾਲ ਸਰਗਰਮੀ ਨਾਲ ਜੁੜਨ ਲਈ ਉਤਸ਼ਾਹਿਤ ਕਰਦੀਆਂ ਹਨ ਅਤੇ ਨਾਗਰਿਕ ਜ਼ਿੰਮੇਵਾਰੀ ਦੇ ਮਹੱਤਵ ਨੂੰ ਸਮਝਾਉਂਦੀਆਂ ਹਨ।

ਵਿੱਦਿਅਕ ਤੇ ਤਕਨੀਕੀ ਸਿੱਖਿਆ ਡਿਜ਼ੀਟਲ ਯੁੱਗ ਵਿੱਚ ਬਹੁਤ ਤੇਜ਼ੀ ਨਾਲ ਵਿਕਸਤ ਹੋ ਰਹੀ ਹੈ। ਇਸ ਚੱਲਣ ਦੌਰਾਨ ਲਾਇਬ੍ਰੇਰੀਆਂ ਨੂੰ ਆਪਣੀ ਭੂਮਿਕਾ ਨੂੰ ਨਿਖਾਰਨਾ ਚਾਹੀਦਾ ਹੈ ਫ਼ੇਰ ਹੀ ਉਹ ਵਿਦਿਆਰਥੀਆਂ ਦੇ ਵਿਕਾਸ ਲਈ ਆਪਣੀ ਬੰਨੀ ਹੋਈ ਵਚਨਬੱਧਤਾ ਨੂੰ ਕਾਇਮ ਰੱਖਣਗੀਆਂ। ਨਵੀਨਤਮ ਤਕਨੀਕਾਂ ਅਤੇ ਨਵੀਨਤਮ ਅਭਿਆਸਾਂ ਨੂੰ ਅਪਨਾਉਂਦੇ ਹੋਏ, ਲਾਇਬ੍ਰੇਰੀਆਂ ਵਿਦਿਆਰਥੀਆਂ ਲਈ ਗਿਆਨ, ਰਚਨਾਤਮਕਤਾ ਅਤੇ ਸਮਾਜਿਕ ਸਹਿਯੋਗ ਦੇ ਮੁੱਲ ਵਾਲੇ ਸਰੋਤ ਬਣ ਸਕਦੀਆਂ ਹਨ ।



**ਸੁਰਿੰਦਰ ਪਾਲ ਸਿੰਘ**
**ਵਿਗਿਆਨ ਅਧਿਆਪਕ**
**ਸ੍ਰੀ ਅੰਮ੍ਰਿਤਸਰ ਸਾਹਿਬ**
**ਪੰਜਾਬ।**






# ਬੋਰਵੈਲ ਦਾ ਢੱਕਣ





ਰਾਮ ਸਿਉਂ ਪਿੰਡ ਦਾ ਸਰਪੰਚ ਹੋਣ ਕਰਕੇ ਪਿੰਡ ਦੇ ਲੋਕਾਂ ਦੀਆਂ ਸੁੱਖ ਸਹੂਲਤਾਂ ਦਾ ਧਿਆਨ ਰੱਖਦਾ ਸੀ । ਪਿੰਡਾਂ ਵਿੱਚ ਖੇਤੀਬਾੜੀ ਕਰਨ ਲਈ ਹਰ ਜ਼ਿਮੀਂਦਾਰ ਇੱਕ ਸੀਰੀ, ਇੱਕ ਸਹਾਇਕ ਵਜੋਂ ਰੱਖ ਲੈਂਦਾ ਹੈ ਜਿਸ ਤੋਂ ਘਰ ਤੋਂ ਖੇਤਾਂ ਤੱਕ ਦੇ ਕੰਮ ਜਿਵੇਂ ਰੋਟੀ,ਚਾਹ ਪਾਣੀ ,ਭਾਂਡੇ ਟੀਂਡੇ ਸਮੇਂ ਸਿਰ ਪਹੁੰਚਾਉਣਾ, ਖੇਤਾਂ ਦੇ ਸਾਰੇ ਕੰਮ ਤੇ ਨਾਲ ਨਾਲ ਡੰਗਰ ਪਸ਼ੂ ਸਾਂਭਣ ਦਾ ਕੰਮ ਆਦਿਕ ਕਰਦੇ ਰਹਿੰਦੇ। ਪਹਿਲਾਂ ਪਹਿਲ ਬਹੁਤਾ ਕਰਕੇ ਸੀਰੀ ਪਿੰਡ ਦੇ ਹੀ ਛੋਟੀ ਜਾਤ ਦੇ ਕਿਸੇ ਵਿਅਕਤੀ ਨੂੰ ਰਲਾ ਲਿਆ ਜਾਂਦਾ ਸੀ ਪਰ ਹੁਣ ਮੁੰਡੇ ਚਾਰ ਅੱਖਰ ਪੜ੍ਹ ਕੇ ਨੌਕਰੀਆਂ ਤੇ ਲੱਗਣ ਲੱਗ ਪਏ ਸਨ ਇਸ ਲਈ ਹੁਣ ਬਹੁਤੇ ਜ਼ਿਮੀਂਦਾਰ ਪੱਕਾ ਭਈਆ (ਪ੍ਰਵਾਸੀ ਮਜ਼ਦੂਰ) ਰੱਖਣ ਲੱਗ ਪਏ ਹਨ। ਫ਼ਸਲ ਦੀ ਕਟਾਈ ਤੇ ਬੀਜਾਈ ਦੇ ਸਮੇਂ ਬਹੁਤੇ ਦਿਹਾੜੀਦਾਰਾਂ ਦੀ ਲੋੜ ਹੁੰਦੀ ਹੈ ਤਾਂ ਰਾਮ ਸਿਉਂ ਸਰਪੰਚ ਪ੍ਰਵਾਸੀ ਮਜ਼ਦੂਰਾਂ ਨੂੰ ਆਰਜ਼ੀ ਤੌਰ ਤੇ ਝੁੱਗੀਆਂ ਬਣਾ ਕੇ ਰਹਿਣ ਲਈ ਪਿੰਡ ਦੀ ਸ਼ਾਮਲਾਟ ਦੇ ਦਿੰਦਾ।ਉਹ ਪੰਚਾਇਤ ਦੀ ਸਹਿਮਤੀ ਨਾਲ ਹੀ ਦਿੰਦਾ।ਇਸ ਨਾਲ ਸਾਰੇ ਪਿੰਡ ਦੇ ਜ਼ਿਮੀਂਦਾਰਾਂ ਨੂੰ ਸਹੂਲਤ ਰਹਿੰਦੀ , ਕਿਸੇ ਨੂੰ ਦਿਹਾੜੀਦਾਰ ਲੱਭਣ ਲਈ ਸ਼ਹਿਰ ਨਹੀਂ ਜਾਣਾ ਪੈਂਦਾ ਸੀ।

ਰਾਮ ਸਿਉਂ ਨੇ ਸਾਰੇ ਜ਼ਿਮੀਂਦਾਰਾਂ ਨੂੰ ਪੱਕੀ ਹਿਦਾਇਤ ਕੀਤੀ ਹੋਈ ਸੀ ਕਿ ਕਿਸੇ ਦਾ ਬੋਰਵੈਲ ਬਿਨਾਂ ਢੱਕਣ ਤੋਂ ਨਹੀਂ ਹੋਣਾ ਚਾਹੀਦਾ। ਵੇਲੇ ਕੁਵੇਲੇ ਲੰਘਦਾ ਕਰਦਾ ਆਪ ਵੀ ਖੇਤਾਂ ਵਿੱਚ ਜਾ ਕੇ ਚੱਕਰ ਲਾ ਆਉਂਦਾ ਕਿ ਵਿਚਲੇ ਬੋਰਵੈਲਾਂ ਤੇ ਲੋਹੇ ਦੇ ਢੱਕਣ ਲਵਾਏ ਹੋਏ ਹਨ ਜਾਂ ਨਹੀਂ। ਕਣਕ ਦੀ ਕਟਾਈ ਹੋ ਰਹੀ ਸੀ, ਅਗਾਂਹ ਫਿਰ ਝੋਨੇ ਦੀ ਬਿਜਾਈ ਸ਼ੁਰੂ ਹੋਣੀ ਸੀ ਇਸ ਲਈ ਨਵੇਂ ਦਿਹਾੜੀਦਾਰਾਂ ਦੇ ਇੱਕ ਕਬੀਲੇ ਨੇ ਆ ਕੇ ਜਦੋਂ ਤੋਂ ਝੁੱਗੀਆਂ ਬਣਾ ਕੇ ਰਹਿਣਾ ਸ਼ੁਰੂ ਕੀਤਾ ਸੀ ਪਿੰਡ ਵਿੱਚੋਂ ਜਾਂ ਮੋਟਰਾਂ ਤੋਂ ਛੋਟੀਆਂ ਮੋਟੀਆਂ ਲੋਹੇ ਦੀਆਂ ਚੀਜ਼ਾਂ ਗਾਇਬ ਹੋ ਜਾਂਦੀਆਂ ਸਨ।ਜਦ ਰਾਮ ਸਿਉਂ ਨੇ ਪਤਾ ਕੀਤਾ ਤਾਂ ਉਸ ਨੂੰ ਪਤਾ ਚੱਲਿਆ ਕਿ ਨਵੇਂ ਦਿਹਾੜੀਦਾਰਾਂ ਨੂੰ ਮਾੜਾ ਮੋਟਾ ਨਸ਼ਾ ਕਰਨ ਦੀ ਆਦਤ ਸੀ।ਉਹ ਰਾਤ-ਵਿਰਾਤੇ ਜਿਹੜੀ ਚੀਜ਼ ਹੱਥ ਲੱਗਦੀ ਚੁੱਕ ਲੈਂਦੇ ਤੇ ਨਹਿਰੋਂ ਪਾਰ ਬੈਠੇ ਗੱਡੀਆਂ ਵਾਲਿਆਂ ਨੂੰ ਵੇਚ ਆਉਂਦੇ , ਉਹਨਾਂ ਦਾ ਇੱਕ ਦੋ ਦਿਨ ਨਸ਼ੇ ਦਾ ਸਰ ਜਾਂਦਾ।

ਦਿਹਾੜੀਦਾਰਾਂ ਵਿੱਚ ਹਰੀ ਰਾਮ ਨਾਂ ਦਾ ਭਈਆ ਵੀ ਆਪਣੀ ਪਤਨੀ ਅਤੇ ਤਿੰਨ ਬੱਚਿਆਂ ਨਾਲ ਝੁੱਗੀ ਬਣਾ ਕੇ ਰਹਿੰਦਾ ਸੀ। ਦਿਨੇ ਉਹ ਅਤੇ ਉਸ ਦੀ ਪਤਨੀ ਆਪਣੇ ਬੱਚਿਆਂ ਸਮੇਤ ਰਾਮ ਸਿਉਂ ਸਰਪੰਚ ਦੇ ਨਾਲ ਲੱਗਦੇ ਬਿਸ਼ਨ ਸਿਉਂ ਦੇ ਖੇਤਾਂ ਵਿੱਚ ਦਿਹਾੜੀ ਕਰਨ ਚਲੇ ਜਾਂਦੇ। ਉਹ ਦੋਵੇਂ ਪਤੀ ਪਤਨੀ ਦਿਹਾੜੀ ਕਰਦੇ ਤੇ ਜਵਾਕ ਉੱਥੇ ਨੇੜੇ ਹੀ ਖੇਡਦੇ ਰਹਿੰਦੇ।ਹਰੀ ਰਾਮ ਨੂੰ ਕਦੇ ਕਦਾਈਂ ਸ਼ਰਾਬ ਤਾਂ ਪਊਏ 'ਚ ਪਾ ਕੇ ਬਿਸ਼ਨ ਸਿਉਂ ਹੀ ਦੇ ਦਿੰਦਾ ਪਰ ਉਹਨਾਂ ਨੂੰ ਜਿਹੜੇ ਹੋਰ ਵੈਲ ਜਿਵੇਂ ਨਸਵਾਰ ਲੈਣਾ,ਜਰਦਾ ਲਾਉਣਾ ਆਦਿ ਲੱਗੇ ਹੋਏ ਸਨ,ਉਹ ਨਿੱਕੀ ਮੋਟੀ ਚੀਜ਼ ਦੀ ਚੋਰੀ ਕਰ ਲੈਂਦਾ ਤੇ ਉਸ ਨੂੰ ਵੇਚ ਕੇ ਪੂਰੇ ਕਰ ਲੈਂਦਾ।ਉਸ ਦੀ ਕਿੰਨੇ ਦਿਨਾਂ ਤੋਂ ਬੋਰਵੈਲ ਦੇ ਢੱਕਣ ਤੇ ਨਿਗਾਹ ਸੀ ।ਉਹ ਕਾਫ਼ੀ ਭਾਰਾ ਸੀ,ਉਹ ਜਦੋਂ ਵੀ ਖੇਤਾਂ ਵਿੱਚ ਕੰਮ ਕਰਨ ਜਾਂਦਾ ਉਹ ਉਸ ਨੂੰ ਲਾਹ ਕੇ ਲਿਜਾਣ ਲਈ ਦਾਅ ਲਾਉਂਦਾ ਰਹਿੰਦਾ ਪਰ ਉਸ ਦਾ ਹੱਥ ਨਾ ਪੈਂਦਾ।ਕਦੇ ਬਿਸ਼ਨ ਸਿਉਂ ਰਾਤ ਨੂੰ ਮੋਟਰ ਤੇ ਸੌਂਦਾ ਕਦੇ ਉਸ ਦੇ ਦੋਵੇਂ ਮੁੰਡੇ ਸੌਂਦੇ ਸਨ। ਬਿਸ਼ਨ ਸਿਉਂ ਨੂੰ ਨਾਨਕ ਸ਼ੱਕ ਆ ਗਈ। ਉਹ ਆਪਣੇ ਭਾਣਜੇ ਦੇ ਵਿਆਹ ਤੇ ਸਾਰੇ ਟੱਬਰ ਸਮੇਤ ਚਲਿਆ ਗਿਆ।ਘਰ ਪੱਕੇ ਰੱਖੇ ਸੀਰੀ ਨੂੰ ਸੰਭਾਲ਼ ਗਿਆ।ਦੋ ਰਾਤਾਂ ਮੋਟਰ ਤੇ ਰਹਿਣ ਵਾਲਾ ਘਰੇ ਕੋਈ ਜੀਅ ਨਹੀਂ ਸੀ। ਹਰੀ ਰਾਮ ਦਾ ਦਾਅ ਲੱਗ ਗਿਆ। ਉਸ ਨੇ ਉਸੇ ਰਾਤ ਆਪਣੇ ਸਾਲ਼ੇ ਨਾਲ ਆਕੇ ਬੋਰਵੈਲ ਉੱਪਰ ਦਿੱਤਾ ਭਾਰਾ ਢੱਕਣ ਚੋਰੀ ਕਰ ਲਿਆ ਤੇ ਰਾਤੋ ਰਾਤ ਗੱਡੀਆਂ ਵਾਲਿਆਂ ਨੂੰ ਵੇਚ ਆਏ।ਉਸ ਨੇ ਉਸ ਨੰਗੇ ਬੋਰਵੈਲ ਉੱਪਰ ਦੋ ਤਿੰਨ ਸੀਮੈਂਟ ਦੀਆਂ ਬੋਰੀਆਂ ਰੱਖ ਕੇ ਆਲ਼ੇ ਦੁਆਲ਼ੇ ਦੋ ਇੱਟਾਂ ਰੱਖ ਦਿੱਤੀਆਂ ਤਾਂ ਜੋ ਬੋਰੀਆਂ ਹਵਾ ਨਾਲ ਉਡ ਨਾ ਜਾਣ। ਉਹ ਬਹੁਤ ਖੁਸ਼ ਸਨ ਕਿਉਂਕਿ ਉਹਨਾਂ ਨੂੰ ਚੰਗੇ ਪੈਸੇ ਮਿਲ਼ ਗਏ ਸਨ। ਦੋ ਤਿੰਨ ਦਿਨ ਲੰਘ ਗਏ ਇਸ ਗੱਲ ਨੂੰ,ਨਾ ਬਿਸ਼ਨ ਸਿਉਂ ਦਾ ਮੋਟਰ ਤੇ ਗੇੜਾ ਲੱਗਿਆ,ਨਾ ਕਿਸੇ ਹੋਰ ਨੇ ਗੌਲ਼ਿਆ।

ਬਿਸ਼ਨ ਸਿਉਂ ਗੱਡੀ ਤੇ ਸ਼ਹਿਰ ਵੱਲੋਂ ਪਿੰਡ ਨੂੰ ਆ ਰਿਹਾ ਸੀ ਤਾਂ ਉਹ ਦੇਖ ਕੇ ਹੈਰਾਨ ਹੋ ਗਿਆ ਕਿ ਉਸ ਦੇ ਖੇਤਾਂ ਵਿੱਚ ਬਹੁਤ ਭੀੜ ਜਮ੍ਹਾਂ ਹੋਈ ਹੋਈ ਸੀ,ਦੋ ਤਿੰਨ ਵੱਡੀਆਂ ਵੱਡੀਆਂ ਮਸ਼ੀਨਾਂ ਖੜ੍ਹੀਆਂ ਸਨ, ਪ੍ਰਲਿਸ ਖੜ੍ਹੀ ਸੀ, ਕਈ ਟੈਲੀਵਿਜ਼ਨ ਚੈਨਲਾਂ ਦੇ ਕੈਮਰਿਆਂ ਵਾਲੇ ਖੜ੍ਹੇ ਸਨ।ਇਹ ਸਭ ਦੇਖ ਕੇ ਉਸ ਦੇ ਪੈਰਾਂ ਹੇਠੋਂ ਜ਼ਮੀਨ ਖਿਸਕ ਗਈ। ਉਸ ਨੇ ਫਟਾਫਟ ਗੱਡੀ ਆਪਣੀ ਮੋਟਰ ਵੱਲ ਨੂੰ ਮੋੜ ਲਈ, ਰਾਮ ਸਿਉਂ ਸਰਪੰਚ ਵੀ ਉੱਥੇ ਹੀ ਖੜ੍ਹਾ ਸੀ। ਉਹ ਗੱਡੀ ਤੋਂ ਉਤਰ ਕੇ ਸਿੱਧਾ ਸਰਪੰਚ ਕੋਲ਼ ਗਿਆ ਤਾਂ ਉਹ ਆਖਣ ਲੱਗਾ,"ਯਾਰ ਮੈਂ ਤੈਨੂੰ ਦੋ ਘੰਟਿਆਂ ਦਾ ਫ਼ੋਨ ਮਿਲਾਈ ਜਾਂਦਾਂ, ਤੂੰ ਫੋਨ ਈ ਬੰਦ ਕੀਤਾ ਹੋਇਆ।ਆਹ ਦੇਖ ਕਿੱਡਾ ਭਾਣਾ ਵਾਪਰ ਗਿਆ।" ਬਿਸ਼ਨ ਸਿਉਂ ਬਹੁਤ ਘਬਰਾਇਆ ਹੋਇਆ ਸੀ।ਉਸ ਨੇ ਕਾਹਲੀ ਨਾਲ ਅਸਲ ਗੱਲ ਪੁੱਛੀ ਤਾਂ ਸਰਪੰਚ ਨੇ ਦੱਸਿਆ," ਯਾਰ ,ਇਹ ਤੁਸੀਂ ਬੋਰਵੈਲ ਦਾ ਢੱਕਣ ਕਿਉਂ ਲਾਹਤਾ, ਤੁਹਾਡੇ ਦਿਹਾੜੀ ਵਾਲੇ ਭਈਏ ਹਰੀ ਰਾਮ ਦਾ ਛੋਟਾ ਮੁੰਡਾ ਬੋਰਵੈਲ ਵਿੱਚ ਡਿੱਗ ਗਿਆ।" ਸਾਰਾ ਪ੍ਰਸ਼ਾਸਨ ਉੱਥੇ ਪਹੁੰਚਿਆ ਹੋਇਆ ਸੀ। "ਮੈਂ ਹੈਰਾਨ ਆਂ ਮੁੰਡਾ ਕਿਵੇਂ ਡਿੱਗ ਗਿਆ? ਮੈਂ ਤਾਂ ਐਨਾ ਭਾਰਾ ਢੱਕਣ ਬਣਵਾ ਕੇ ਰੱਖਿਆ ਸੀ, ਤਾਂ ਕਿ ਕੋਈ ਨਿਆਣਾ ਛੇਤੀ ਨਾ ਚੁੱਕ ਸਕੇ .....ਤੇ ਉਹ ਦੋ ਸਾਲ ਦਾ ਜਵਾਕ ਕਿਵੇਂ ਡਿੱਗ ਪਿਆ,ਹੱਦ ਹੋ ਗੀ ਯਾਰ।" ਬਿਸ਼ਨ ਸਿਉਂ ਨੇ ਘਬਰਾਏ ਹੋਏ ਨੇ ਸਰਪੰਚ ਨੂੰ ਆਖਿਆ। ਥੋੜ੍ਹੀ ਦੂਰ ਹੀ ਕੈਮਰਿਆਂ ਵਾਲੇ ਹਰੀ ਰਾਮ ਦੀ ਦੁੱਖ ਦੀ ਘੜੀ ਵਿੱਚ ਉਸ ਨਾਲ ਹੋਈ ਅਣਹੋਣੀ ਦਾ ਹਾਲ ਬਿਆਨ ਕਰਵਾ ਰਹੇ ਸਨ,ਹਰੀ ਰਾਮ ਕੈਮਰਿਆਂ ਅੱਗੇ ਖੜ੍ਹਾ ਬੋਲ ਰਿਹਾ ਸੀ," ਹਮ ਤੋ ਗ਼ਰੀਬ ਆਦਮੀ ਇਧਰ ਜਬ ਸੇ ਦਿਹਾੜੀ ਪੇ ਆ ਰਹਾ ਹੈ ਤਬ ਸੇ ਹਮ ਨੇ ਇਸ ਕੋ ਐਸੇ ਹੀ ਪੜਾ ਦੇਖਾ ਹੈ।ਯੇ ਤੋ ਸਰਦਾਰ ਲੋਗ ਕਾ ਫਰਜ਼ ਬਨਤਾ ਹੈ।" ਉੱਪਰੋਂ ਚਾਹੇ ਉਹ ਇਹੋ ਜਿਹੇ ਬਿਆਨ ਦੇ ਰਿਹਾ ਸੀ ਪਰ ਅੰਦਰੋਂ ਤਾਂ ਉਸ ਨੂੰ ਪਤਾ ਹੀ ਸੀ ਕਿ ਅਸਲੀ ਗੁਨਾਹਗਾਰ ਉਹ ਹੈ।

ਇੱਕ ਡੇਢ ਦਿਨ ਤੱਕ ਬਚਾਅ ਟੀਮਾਂ ਦੀਆਂ ਘਾਲਣਾਵਾਂ ਤੋਂ ਬਾਅਦ ਜਵਾਕ ਨੂੰ ਬਾਹਰ ਕੱਢਿਆ ਗਿਆ, ਜਵਾਕ ਦੀ ਮੌਤ ਹੋ ਚੁੱਕੀ ਸੀ। ਰਾਮ ਸਿਉਂ ਸਰਪੰਚ ਹੈਰਾਨ ਸੀ ਕਿ ਚਾਰ ਦਿਨ ਪਹਿਲਾਂ ਜਦੋਂ ਉਹ ਸਾਰੇ ਪਿੰਡ ਦੇ ਬੋਰਵੈਲ ਚੈੱਕ ਕਰ ਕੇ ਆਇਆ ਸੀ ਤਾਂ ਇਸ ਉੱਤੇ ਐਨਾ ਭਾਰਾ ਢੱਕਣ ਲਗਾ ਕੇ ਬੋਰਵੈਲ ਬੰਦ ਕੀਤਾ ਹੋਇਆ ਸੀ। ਪ੍ਰਸ਼ਾਸਨ ਨੇ ਹਰੀ ਨਾਲ ਹਮਦਰਦੀ ਪ੍ਰਗਟ ਕਰਦੇ ਹੋਏ ਦੋ ਲੱਖ ਰੁਪਏ ਦੇਣ ਦਾ ਐਲਾਨ ਕੀਤਾ ਤੇ ਨਾਲ ਹੀ ਬਿਸ਼ਨ ਸਿਉਂ ਤੇ ਮੁਕੱਦਮਾ ਦਰਜ ਕਰ ਲਿਆ ਗਿਆ ਅਤੇ ਸਰਪੰਚ ਨੂੰ ਲਾਪਰਵਾਹੀ ਵਰਤਣ ਤੇ ਸਖ਼ਤ ਤਾੜਨਾ ਕੀਤੀ ਗਈ। ਉਹ ਦੋਵੇਂ ਜਣੇ ਇਸ ਗੱਲੋਂ ਬਹੁਤ ਦੁਖੀ ਅਤੇ ਪ੍ਰੇਸ਼ਾਨ ਸਨ , ਉਹਨਾਂ ਨੂੰ ਹਜੇ ਵੀ ਬੋਰਵੈਲ ਦੇ ਢੱਕਣ ਵਾਲੀ ਸਿਆਸਤ ਸਮਝ ਨਹੀਂ ਆ ਰਹੀ ਸੀ।



**ਬਰਜਿੰਦਰ ਕੌਰ ਬਿਸਰਾਓ...**
9988901324

# ਦੇਸ਼ ਵਿੱਚ ਜਨਗਣਨਾ

ਅੱਜ ਕੱਲ੍ਹ ਦੇਸ਼ ਵਿੱਚ ਜਨਗਣਨਾ ਦਾ ਪ੍ਰਚਾਰ ਬਹੁਤ ਹੀ ਤੇਜ਼ੀ ਨਾਲ ਹੋ ਰਿਹਾ ਹੈ। ਹਰ ਜਾਤੀ, ਧਰਮ ਅਤੇ ਵੱਖ-ਵੱਖ ਭਾਈਚਾਰਿਆਂ ਵਿੱਚ ਵੰਡੇ ਹੋਏ ਲੋਕ ਆਪੋ ਆਪਣੀ ਤਾਕਤ ਦਾ ਪ੍ਰਦਰਸ਼ਨ ਕਰਨਾ ਚਾਹੁੰਦੇ ਹਨ। ਆਪਣੀ ਸ਼ਕਤੀ ਦਾ ਪ੍ਰਗਟਾਵਾ ਕਰਨਾ ਵੀ ਚਾਹੀਦਾ ਹੈ ਕਿਉਂਕਿ ਸ਼ਕਤੀ ਤੁਹਾਡੇ ਅਧਿਕਾਰਾਂ ਦੀ ਰੱਖਿਆ ਵੀ ਕਰਦੀ। ਇਹ ਸ਼ਕਤੀ ਸਮਾਜਿਕ, ਰਾਜਨੀਤਿਕ, ਆਰਥਿਕ ਅਤੇ ਧਾਰਮਿਕ ਹੱਕਾਂ ਨੂੰ ਪ੍ਰਭਾਵਿਤ ਕਰਦੀ ਆਈ ਹੈ ਅਤੇ ਕਰਦੀ ਰਹੇਗੀ। ਸ਼ਕਤੀ ਸੰਗਠਨ ਤੋਂ ਪੈਦਾ ਹੁੰਦੀ ਹੈ, ਇਹ ਉਸ ਵਰਗ ਦੇ ਪੜ੍ਹੇ ਲਿਖੇ ਲੋਕਾਂ ਉੱਤੇ ਨਿਰਭਰ ਕਰਦੀ ਹੈ। ਬਾਬਾ ਸਾਹਿਬ ਆਖਦੇ ਨੇ ਪੜ੍ਹਿਆ ਲਿਖਿਆ ਵਰਗ ਇਮਾਨਦਾਰ ਹੋਣਾ ਚਾਹੀਦਾ ਹੈ। ਸੰਵੇਦਨਸ਼ੀਲ ਹੋਣਾ ਚਾਹੀਦਾ ਹੈ ਅਤੇ ਸਮਾਜ ਦੀ ਅਗਵਾਈ ਕਰਨ ਦੇ ਸਮਰੱਥ ਹੋਣਾ ਚਾਹੀਦਾ ਹੈ।

ਜਨਗਣਨਾ ਨੂੰ ਲੈ ਕੇ ਐਸ ਸੀ ਸਮਾਜ ਕਈ ਭਾਗਾਂ ਵਿੱਚ ਵੰਡਿਆ ਜਾਵੇਗਾ ਜਿਸ ਦਾ ਸਿੱਧਾ ਫ਼ਾਇਦਾ ਰਾਸ਼ਟਰੀ ਸੇਵਕ ਸੰਘ (ਹਿੰਦੂਵਾਦੀ ਤਾਕਤਾਂ) ਲਵੇਗਾ। ਇਸ ਗੱਲ ਦਾ ਪਤਾ ਸ਼ਾਇਦ ਸਾਡੇ ਬਹੁਤ ਸਾਰੇ ਪੜ੍ਹੇ ਲਿਖੇ ਲੋਕਾਂ ਨੂੰ ਪਤਾ ਨਹੀਂ ਹੈ। ਜੇਕਰ ਪਤਾ ਹੈ ਤਾਂ ਫਿਰ ਉਹ ਵਕਤੀ ਚੌਧਰ ਲਈ ਡਰਾਮੇਬਾਜੀ ਕਰ ਰਹੇ ਹਨ । ਜਨਗਣਨਾ ਵੇਲੇ ਧਰਮ ਦੇ ਕਾਲਮ ਵਿੱਚ ਕਿਹੜਾ ਧਰਮ ਲਿਖਾਉਣਾ ਇਹ ਹਰ ਵਿਅਕਤੀ ਦਾ ਨਿੱਜੀ ਮਸਲਾ ਹੈ ।

ਇਸ ਸਮੇਂ ਅਨੁਸੂਚਿਤ ਜਾਤੀ ਦੇ ਬਹੁਤੇ ਸਾਰੇ ਲੋਕਾਂ ਨੂੰ ਦੁਬਿਧਾ ਵਿੱਚ ਪਾਇਆ ਜਾ ਰਿਹਾ ਹੈ । ਬਹੁਤੇ ਲੋਕਾਂ ਲਈ ਧਰਮ ਧੰਦਾ ਬਣ ਗਿਆ ਹੈ ਉਹ ਆਪਣਾ ਤੋਰੀ ਫੁੱਲਕਾ ਚੱਲਦਾ ਰੱਖਣ ਲਈ ਗੁੰਮਰਾਹਕੁੰਨ ਪ੍ਰਚਾਰ ਕਰ ਰਹੇ ਹਨ । ਬਹੁਤ ਸਾਰੇ ਲੋਕ ਬਿਨਾਂ ਸੋਚੇ ਵਿਚਾਰੇ ਹਵਾ ਦੇ ਗਹਿਰਾਈ ਨਾਲ ਅਧਿਐਨ ਕੀਤਾ। ਸਾਰੇ ਧਰਮਾਂ ਦੇ ਅਧਿਐਨ ਕਰਨ ਤੋਂ ਬਾਅਦ ਬੁੱਧ ਧੱਮ ਹੀ ਉਹਨਾਂ ਦਾ ਕੇਂਦਰ ਬਿੰਦੂ ਬਣਿਆ। ਜੋ ਉਪਰੋਕਤ ਲਿਖੀਆਂ ਧਾਰਨਾਵਾਂ ਉੱਤੇ ਸਹੀ ਉੱਤਰਦਾ ਹੈ। ਬਾਬਾ ਸਾਹਿਬ ਆਖਦੇ ਨੇ ਬੁੱਧ ਧਰਮ ਸਾਡੇ ਪੂਰਵਜਾਂ ਦਾ ਧਰਮ ਹੈ, ਇਸ ਦੀਆਂ ਜੜ੍ਹਾਂ ਭਾਰਤ ਵਿੱਚ ਹਨ ਅਤੇ ਅੱਜ ਵਿਸ਼ਵ ਦੇ 40 ਦੇਸ਼ਾਂ ਵਿੱਚ ਫੈਲਿਆ ਹੋਇਆ ਹੈ। ਬਾਬਾ ਸਾਹਿਬ ਇਹ ਵੀ ਜਾਣਦੇ ਸਨ ਕਿ ਅਗਰ ਇਸਾਈ ਜਾਂ ਮੁਸਲਿਮ ਧਰਮ ਅਪਣਾਇਆ ਤਾਂ ਹਿੰਦੂ ਧਰਮ ਦੇ ਲੋਕ ਦੇਸ਼ ਧ੍ਰੋਹੀ ਕਹਿਣਗੇ। ਵੱਖ ਵੱਖ ਧਰਮਾਂ ਦਾ ਡੂੰਘਾ ਅਧਿਐਨ ਅਤੇ ਕਾਫ਼ੀ ਸੋਚ ਵਿਚਾਰ ਤੋਂ ਬਾਅਦ ਬੁੱਧ ਧਰਮ ਨੂੰ ਚੁਣਿਆ। ਬੁੱਧ ਧਰਮ ਆਜ਼ਾਦੀ, ਸਮਾਨਤਾ, ਭਾਈਚਾਰੇ ਅਤੇ ਮਨੁੱਖ ਦੇ ਮਾਨ ਸਨਮਾਨ ਦੀ ਗੱਲ ਕਰਦਾ ਹੈ। ਆਖਿਰ ਉਹਨਾਂ ਨੇ ਆਪਣੀ ਪ੍ਰਤਿਗਿਆ ਨੂੰ ਪੂਰਾ ਕਰਨ ਲਈ ਨਾਗਪੁਰ ਦੀ ਧਰਤੀ ਉੱਤੇ ਆਪਣੀ ਜੀਵਨ ਸਾਥਣ ਮਾਤਾ ਸਵਿਤਾ ਅੰਬੇਡਕਰ ਸਮੇਤ 6 ਲੱਖ ਲੋਕਾਂ ਨਾਲ ਬੁੱਧ ਧੱਮ ਦੀ ਦੀਕਸ਼ਾ ਲਈ। ਹਜਾਰਾਂ ਸਾਲਾਂ ਤੋਂ ਪੀੜਤ ਲੋਕਾਂ ਨੂੰ ਆਪਣੇ ਪੂਰਵਜਾਂ ਦਾ ਧਰਮ ਦੇ ਕੇ ਹਿੰਦੂ ਧਰਮ ਤੋਂ ਵੱਖਰੀ ਬੁੱਧ ਧਰਮ ਨਵੀਂ ਪਛਾਣ ਦਿੱਤੀ। ਬਾਬਾ ਸਾਹਿਬ ਇਸ ਦੇਸ਼ ਨੂੰ ਪ੍ਰਬੁੱਧ ਭਾਰਤ ਬਣਾਉਣਾ ਚਾਹੁੰਦੇ ਸਨ। ਬਾਬਾ ਸਾਹਿਬ ਨੇ ਲੋਕਾਂ ਨੂੰ ਚੇਤਾਵਨੀ ਵੀ ਦਿੱਤੀ ਸੀ ਕਿ ਭਾਰਤ ਦੇਸ਼ ਨੂੰ ਕਿਸੇ ਵੀ ਹਾਲਤ ਵਿੱਚ ਹਿੰਦੂ ਰਾਸ਼ਟਰ ਨਹੀਂ ਬਣਨ ਦੇਣਾ।

ਇੱਥੇ ਮੈਂ ਇੱਕ ਉਦਾਹਰਣ ਦੇਣੀ ਚਾਹੁੰਦਾ ਹੈ ਕਿ ਮੇਰਾ ਇੱਕ ਦੋਸਤ ਇੱਕ ਬਾਰ ਮੈਨੂੰ ਕਹਿੰਦਾ ਕਿ ਜੇ ਬਾਬਾ ਸਾਹਿਬ ਨੇ ਬੁੱਧ ਧਰਮ ਅਪਣਾਇਆ ਜ਼ਰੂਰੀ ਨਹੀਂ ਅਸੀਂ ਬੁੱਧ ਧਰਮ ਅਪਣਾਈਏ।



ਧਰਮ ਪਾਲ ਪੈਂਥਰ

ਉਹਦੀਆਂ ਗੱਲਾਂ ਤੋਂ ਇੰਜ ਲੱਗਦਾ ਸੀ ਕਿ ਉਹ ਬਾਬਾ ਸਾਹਿਬ ਦੇ ਬੁੱਧ ਧਰਮ ਦੇ ਫ਼ੈਸਲੇ 'ਤੇ ਕਿੰਤੂ ਪ੍ਰੰਤੂ ਕਰ ਰਿਹਾ ਸੀ । ਮੈਂ ਸਾਥੀ ਨੂੰ ਕਿ ਤੁਸੀਂ ਕਿੰਨਾ ਪੜ੍ਹੇ ਹੋ ਵੱਧ ਤੋਂ ਵੱਧ 12-14 ਹੋਵੋਗੇ। ਬਾਬਾ ਸਾਹਿਬ ਕੋਲ ਕਿੰਨੀਆਂ ਡਿਗਰੀਆਂ ਸਨ, ਕਿੰਨਾ ਗਿਆਨ ਸੀ, ਦੁਨੀਆਂ ਵਿੱਚ ਸਿੰਬਲ ਆਫ ਨਾਲੇਜ ਦਾ ਖ਼ਿਤਾਬ, ਭਾਰਤੀ ਸੰਵਿਧਾਨ ਦੇ ਨਿਰਮਾਤਾ, ਪੰਜਾਹ ਹਜ਼ਾਰ ਤੋਂ ਜ਼ਿਆਦਾ ਪੁਸਤਕਾਂ ਪੜ੍ਹਨ ਵਾਲੇ, ਸੈਂਕੜੇ ਕਿਤਾਬਾਂ ਦੇ ਰਚੇਤਾ, 500 ਗਰੇਜੂਏਟਾਂ ਤੋਂ ਵੀ ਉੱਪਰ ਅਤੇ ਰਿਜ਼ਰਵ ਬੈਂਕ ਆਫ ਇੰਡੀਆ ਦੀ ਸਥਾਪਨਾ ਕਰਨ ਵਾਲੇ ਤੋਂ ਤੁਸੀਂ ਜਿਆਦਾ ਸਿਆਣੇ ਨਹੀਂ ਹੋ ਸਕਦੇ। ਸਾਥੀ ਨੂੰ ਬਾਬਾ ਸਾਹਿਬ ਦੁਆਰਾ ਨਾਗਪੁਰ ਵਿੱਚ ਦਿੱਤੇ ਭਾਸ਼ਣ ਦੀ ਪੁਸਤਕ ਵੀ ਦਿੱਤੀ ਸੀ ਕਿ ਸ਼ਾਇਦ ਮੈਂ ਤੁਹਾਨੂੰ ਸਹੀ ਜਾਣਕਾਰੀ ਨਾ ਦੇ ਸਕਾਂ ਇਹ ਪੁਸਤਕ ਪੜ੍ਹ ਲੈਣਾ।

ਇਸੇ ਤਰ੍ਹਾਂ ਦੇ ਅੱਜ ਹਜਾਰਾਂ ਨਹੀਂ ਲੱਖਾਂ ਲੋਕ ਹਨ ਜੋ ਬਾਬਾ ਸਾਹਿਬ ਦਾ ਦਿੱਤਾ ਖਾਂਦੇ ਹਨ, ਘਰਾਂ ਵਿੱਚ ਬਾਬਾ ਸਾਹਿਬ ਦੀ ਤਸਵੀਰ ਅਤੇ ਜੈ ਭੀਮ ਵੀ ਕਹਿੰਦੇ ਹਨ, ਪੜ੍ਹ ਲਿਖ ਕੇ ਆਪ ਅਫ਼ਸਰ ਬਣੇ ਅਤੇ ਉਹਨਾਂ ਦੇ ਬੱਚੇ ਰਿਜ਼ਰਵੇਸ਼ਨ ਦੀਆਂ ਸਹੂਲਤਾਂ ਦਾ ਆਨੰਦ ਮਾਣ ਰਹੇ ਹਨ ਪਰ ਬਾਬਾ ਸਾਹਿਬ ਜੀ ਦੇ ਬੁੱਧ ਧਰਮ ਦੇ ਫ਼ੈਸਲੇ ਤੇ ਕਿੰਤੂ ਪ੍ਰੰਤੂ ਕਰ ਰਹੇ ਹਨ। ਅੰਨ੍ਹੀ ਸ਼ਰਧਾ ਵਿੱਚ ਮਦਹੋਸ਼, ਭੋਲੀਭਾਲੀ ਅਨਪੜ੍ਹ ਜਨਤਾ ਨੂੰ ਗੁੰਮਰਾਹ ਕਰਨ ਵਾਲੇ ਚਾਹੇ ਉਹ ਧਾਰਮਿਕ, ਸਮਾਜਿਕ, ਸਿਆਸੀ, ਮਿਸ਼ਨਰੀ ਲੇਖਕ ਅਤੇ ਗਾਉਣ ਵਾਲੇ ਲੋਕ ਹੋਣ ਉਹ ਅੰਬੇਡਕਰੀ ਵਿਚਾਰਧਾਰਾ ਦੇ ਹਿਤੈਸ਼ੀ ਨਹੀਂ ਹੋ ਸਕਦੇ । ਬਾਬਾ ਸਾਹਿਬ ਨੇ ਚੇਤਾਵਨੀ ਦਿੰਦਿਆਂ ਹੋਇਆ ਕਿਹਾ ਸੀ ਕਿ ਜੋ ਲੋਕ ਆਪਣੀ ਜਾਤੀ ਅਤੇ ਗੋਤਰ ਦਾ ਪ੍ਰਚਾਰ ਕਰਦੇ ਹਨ ਉਹ ਲੋਕ ਆਪਣੀ ਗੁਲਾਮੀ ਨੂੰ ਮਜ਼ਬੂਤ ਕਰ ਰਹੇ ਹਨ। ਕੀ ਅਜਿਹਾ ਨਹੀਂ ਹੋ ਰਿਹਾ ਸੋਚ ਵਿਚਾਰ ਕਰੋ। ਸਾਡੇ ਲੇਖਕਾਂ ਅਤੇ ਕਲਾਕਾਰਾਂ ਨੇ ਜਾਤੀਵਾਦ ਉੱਤੇ ਗੀਤ ਗਾ ਗਾ ਕੇ, ਲੋਕਾਂ ਦੀ ਆਸਥਾ ਦਾ ਫ਼ਾਇਦਾ ਉਠਾ ਕੇ ਪੈਸਾ ਤੇ ਸ਼ੋਹਰਤ ਕਮਾ ਲਿਆ ਹੈ ਜਾਂ ਕਮਾ ਰਹੇ ਹਨ ਪਰ ਬਾਬਾ ਸਾਹਿਬ ਦੀ ਵਿਚਾਰਧਾਰਾ ਨੂੰ ਸਿੱਕੇ ਟੰਗਿਆ ਜਾ ਰਿਹਾ ਹੈ ਜਿਸ ਦੇ ਭਵਿੱਖ ਵਿੱਚ ਬਹੁਤ ਹੀ ਘਾਤਕ ਨਤੀਜੇ ਸਾਹ-ਮਣੇ ਆਉਣਗੇ। ਜਦ ਲੋਕਾਂ ਉੱਤੋਂ ਆਸਥਾ ਦਾ ਮਖੌਟਾ ਉੱਤਰੇਗਾ ਤਦ ਤੱਕ ਬਹੁਤ ਦੇਰ ਹੋ ਚੁੱਕੀ ਹੋਵੇਗੀ। ਇਹ ਗੱਲ ਇਤਿਹਾਸਕ ਪੱਖ ਤੋਂ ਦਾਅਵੇ ਨਾਲ ਕਹੀ ਜਾ ਸਕਦੀ ਹੈ ਕਿ ਇਹੋ ਜਿਹੇ ਅਕ੍ਰਿਤਘਣ ਲੋਕ ਬਾਬਾ ਸਾਹਿਬ ਅਤੇ ਸਾਹਿਬ ਕਾਂਸ਼ੀ ਰਾਮ ਜੀ ਦੇ 40-40 ਸਾਲਾਂ ਦੇ ਸੰਘਰਸ਼ ਨੂੰ ਮਿੱਟੀ ਵਿੱਚ ਦਫਨਾਉਣ ਦਾ ਅਤੇ ਹਿੰਦੂ ਰਾਸ਼ਟਰ ਦੀਆਂ ਜੜ੍ਹਾਂ ਨੂੰ ਮਜ਼ਬੂਤ ਕਰਨ ਦਾ ਕੰਮ ਕਰ ਰਹੇ ਹਨ। ਕਿਸੇ ਵਿਦਵਾਨ ਨੇ ਸੱਚ ਹੀ ਕਿਹਾ ਹੈ ਕਿ ਭੋਲੇ ਭਾਲੇ ਲੋਕਾਂ ਨੂੰ ਧਰਮ ਦੀ ਆਸਥਾ ਵਿੱਚ ਭੜਕਾਉਣਾ ਬਹੁਤ ਆਸਾਨ ਹੈ ਪਰ ਸਹੀ ਦਿਸ਼ਾ ਦੇਣਾ ਬਹੁਤ ਮੁਸ਼ਕਲ ਹੈ। ਬਾਬਾ ਸਾਹਿਬ ਨੇ ਕਿਹਾ ਸੀ ਕਿ ਜਾਤੀ ਨੂੰ ਤੋੜਨਾ ਐਨਾ ਆਸਾਨ ਨਹੀਂ ਜਦ ਤੱਕ ਉਸਦੇ ਧਾਰਮਿਕ ਆਧਾਰ ਨੂੰ ਨਸ਼ਟ ਨਹੀਂ ਕਰ ਸਕਦੇ ਜਿਸ ਉੱਤੇ ਜਾਤੀ ਵਿਵਸਥਾ ਟਿਕੀ ਹੋਈ ਹੈ। ਬਾਬਾ ਸਾਹਿਬ ਸਾਨੂੰ ਬੁੱਧ ਧਰਮ ਦੀ ਇੱਕ ਛੱਤਰੀ ਦੇ ਹੇਠ ਇੱਕਠੀ ਕਰਨਾ ਚਾਹੁੰਦੇ ਸਨ ਕੀ ਅਸੀਂ ਵੱਖ ਵੱਖ-ਵੱਖ ਜਾਤੀਆਂ ਦੀਆਂ ਛੱਤਰੀਆਂ ਬਣਾ ਕੇ ਖਾਈ ਨੂੰ ਹੋਰ ਡੂੰਘਾ ਤਾਂ ਨਹੀਂ ਕਰ ਰਹੇ ?

ਮੇਰੇ ਵੀਰੋ ਭੈਣੋ ਧਰਮ ਤੁਹਾਡਾ ਨਿੱਜੀ ਮਾਮਲਾ ਹੈ ਕਿਹੜਾ ਲਿਖਾਉਣਾ ਕਿਹੜਾ ਨਹੀਂ ਲਿਖਾਉਣਾ, ਨਾ ਹੀ ਮੇਰਾ ਮਕਸਦ ਕਿਸੇ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਾਉਣਾ। ਇਤਿਹਾਸ ਦੀ, ਮੌਜੂਦਾ ਅਤੇ ਭਵਿੱਖ ਦੀ ਜਿੰਨੀ ਕੁ ਮੇਰੀ ਸਮਝ ਹੈ ਉਹ ਤੁਹਾਡੇ ਨਾਲ ਸਾਂਝੀ ਕਰ ਰਿਹਾ ਹਾਂ ਅਤੇ ਸਹੀ ਜਾਣਕਾਰੀ ਦੇਣਾ ਹੀ ਮੈਂ ਆਪਣਾ ਨੈਤਿਕ ਫਰਜ਼ ਵੀ ਸਮਝਦਾ ਹਾਂ।ਬਾਬਾ ਸਾਹਿਬ ਦੇ ਨਾਮ 'ਤੇ ਬਣੀਆਂ ਸਾਰੀਆਂ ਸਿਆਸੀ ਪਾਰਟੀ, ਸੰਗਠਨਾਂ ਅਤੇ ਸੇਨਾਵਾਂ ਦੇ ਨੇਤਾਵਾਂ ਅਤੇ ਅਨੁਯਾਈਆਂ ਨੂੰ ਵੀ ਪੁਰਜ਼ੋਰ ਅਪੀਲ ਕਰਦਾ ਹਾਂ ਕਿ ਬਹੁਜਨ ਮਾਹਾਂਪੁਰਸ਼ਾਂ ਦੀ ਵਿਚਾਰਧਾਰਾ ਨੂੰ ਜਨ ਜਨ ਤੱਕ ਪਹੁੰਚਾਉਣ ਲਈ ਜਨਗਣਨਾ ਵਿੱਚ ਬਾਬਾ ਸਾਹਿਬ ਜੀ ਦੇ ਦੁਆਰਾ ਗ੍ਰਹਿਣ ਕੀਤੇ ਬੁੱਧ ਧਰਮ ਹੀ ਲਿਖਾਇਆ ਜਾਵੇ। ਬਾਬਾ ਸਾਹਿਬ ਆਖਦੇ ਨੇ ਮੇਰੇ ਦਰਸ਼ਨ ਦੀਆਂ ਜੜ੍ਹਾਂ ਬੁੱਧ ਧਰਮ ਵਿੱਚ ਹਨ ।

Samaj Weekly
ਸਮਾਜ ਵੀਕਲੀ
Punjabi, Hindi & English Newspaper - UK & EU Edition

# ਸਾਡੇ DIGITAL MEDIA ਨਾਲ ਜੁੜੋ

ਸਾਨੂੰ ਫੇਸਬੁੱਕ ਤੇ ਲਾਇਕ ਕਰੋ — facebook samajweekly

ਸਾਨੂੰ ਐਕਸ ਤੇ ਫੌਲੋ ਕਰੋ — X @samajweekly

ਸਾਡੇ ਵਟਸਐੱਪ ਨਾਲ ਜੁੜੋ ਅਤੇ ਪਾਓ ਸਾਹਿਤ ਜਗਤ ਅਤੇ ਦੇਸ਼ ਦੁਨੀਆ ਨਾਲ ਜੁੜੀਆਂ ਬੇਹਤਰੀਨ ਖਬਰਾਂ



ਨਾਲ ਹੀ ਪਾਓ ਸਮਾਜ ਵੀਕਲੀ ਅਖਬਾਰ ਦਾ ਰੋਜਾਨਾ PDF ਉਹ ਵੀ ਬਿਲਕੁਲ ਮੁੱਫਤ

ਅਖਬਾਰ ਵਿੱਚ ਇਸ਼ਤਿਹਾਰ ਦੇਣ ਲਈ ਅਤੇ ਵੈਬਸਾਈਟ ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

+44 7878 456484
email:-Samajweekly@gmail.com